A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 13 No: 301 Website : www.punjabiakhbaar.ca Email: editor@punjabiakhbaar.ca Friday, 9 October 2026

# ਸੀ.ਬੀ.ਆਈ. ਦੀ ਟੀਮ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਕੈਂਪ ਆਫਿਸ 'ਤੇ ਛਾਪੇਮਾਰੀ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 6 ਅਕਤੂਬਰ 2026 ਵਾਲੇ ਦਿਨ ਪੰਜਾਬ ਦੀ ਰਾਜਨੀਤੀ ਵਿੱਚ ਉਸ ਵੇਲੇ ਇੱਕ ਵੱਡਾ ਭੂਚਾਲ ਆ ਗਿਆ ਜਦੋਂ ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਕੈਂਪ ਆਫਿਸ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਇੱਕੋ ਸਮੇਂ ਵੱਡੀ ਛਾਪੇਮਾਰੀ ਕੀਤੀ ਗਈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਬੀਤੇ ਦਿਨ ਦਿੱਤੇ ਗਏ ਅਹਿਮ ਹੁਕਮਾਂ ਤੋਂ ਬਾਅਦ ਕੇਂਦਰੀ ਜਾਂਚ ਬਿਊਰੋ ਨੇ ਬਿਨਾਂ ਕੋਈ ਦੇਰੀ ਕੀਤੇ, 24 ਘੰਟਿਆਂ ਦੇ ਅੰਦਰ-ਅੰਦਰ ਇਹ ਵੱਡਾ ਐਕਸ਼ਨ ਲਿਆ ਹੈ। ਸੀਬੀਆਈ ਦੀਆਂ ਵੱਖ-ਵੱਖ ਟੀਮਾਂ ਵੱਲੋਂ ਚੰਡੀਗੜ੍ਹ ਦੇ ਅਤਿ-ਸੁਰੱਖਿਅਤ ਅਤੇ ਵੀਆਈਪੀ ਖੇਤਰ ਮੰਨੇ ਜਾਂਦੇ ਸੈਕਟਰ-2 ਸਥਿਤ ਕੋਠੀ ਨੰਬਰ 50 'ਚ ਛਾਪਾ ਮਾਰਿਆ ਗਿਆ, ਜਿਸ ਨੂੰ ਸੀਐੱਮ ਕੈਂਪ ਆਫਿਸ ਵੱਜੋਂ ਵਰਤਿਆ ਜਾ ਰਿਹਾ ਸੀ। ਇਸ ਦੇ ਨਾਲ ਹੀ ਮੋਹਾਲੀ ਦੇ ਫੇਜ਼-11 ਅਤੇ ਸੰਗਰੂਰ ਦੇ ਪਿੰਡ ਘਰਾਚੋਂ ਸਮੇਤ ਸੂਬੇ ਦੇ ਕਈ ਹੋਰ ਸੰਵੇਦਨਸ਼ੀਲ ਠਿਕਾਣਿਆਂ 'ਤੇ ਵੀ ਸੀਬੀਆਈ ਵੱਲੋਂ ਇੱਕੋ ਵੇਲੇ ਧਾਵਾ ਬੋਲਿਆ ਗਿਆ। ਵਰਨਣਯੋਗ ਹੈ ਕਿ ਘਰਾਚੋਂ ਪਿੰਡ ਦਾ ਮੁੱਖ ਮੰਤਰੀ ਦੇ ਨਜਦੀਕੀ ਅਫਸਰ ਨਾਲ ਸਬੰਧ ਜੁੜਿਆ ਹੋਇਆ ਹੈ।


ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ

ਜਾਣਕਾਰੀ ਅਨੁਸਾਰ ਚੰਡੀਗੜ੍ਹ ਦੇ ਸੈਕਟਰ-2 ਸਥਿਤ ਕੋਠੀ ਨੰਬਰ 50 ਦੇ ਆਲੇ-ਦੁਆਲੇ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਹਨ। ਇਹ ਇਲਾਕਾ ਮੁੱਖ ਮੰਤਰੀ ਰਿਹਾਇਸ਼ ਦੇ ਬਿਲਕੁਲ ਪਿੱਛੇ ਪੈਂਦਾ ਹੈ ਅਤੇ ਇੱਥੇ ਹੋਰ ਵੀ ਕਈ ਕੈਬਨਿਟ ਮੰਤਰੀਆਂ ਦੀਆਂ ਸਰਕਾਰੀ ਰਿਹਾਇਸ਼ਾਂ ਹਨ। ਸੀਬੀਆਈ ਦੀਆਂ ਟੀਮਾਂ ਜਿਵੇਂ ਹੀ ਮੌਕੇ 'ਤੇ ਪਹੁੰਚੀਆਂ, ਉਨ੍ਹਾਂ ਨੇ ਪੂਰੇ ਏਰੀਆ ਨੂੰ ਆਪਣੇ ਘੇਰੇ ਵਿੱਚ ਲੈ ਲਿਆ।

ਜਾਂਚ ਦੌਰਾਨ ਕਿਸੇ ਵੀ ਵਿਅਕਤੀ ਨੂੰ ਅੰਦਰੋਂ ਬਾਹਰ ਜਾਂ ਬਾਹਰੋਂ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਏਜੰਸੀ ਦੇ ਉੱਚ ਅਧਿਕਾਰੀ ਅੰਦਰ ਮੌਜੂਦ ਦਸਤਾਵੇਜ਼ਾਂ, ਸਰਕਾਰੀ ਰਿਕਾਰਡਾਂ ਅਤੇ ਡਿਜੀਟਲ ਉਪਕਰਣਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner, harmanb@bnadebtsolutions.ca
Simmie Pandher, Senior Administrator, Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
ਨਿੱਜੀ ਦੇਖਭਾਲ
ਡਿਮੈਂਸ਼ੀਆਂ ਕੇਅਰ
ਖਾਣਾ ਬਣਾਉਣਾ
ਸਫਾਈ
ਸਾਥ-ਸੰਗਤ
ਹੋਸਪਿਸ ਸਮਰਥਨ
ਆਵਾਜਾਈ ਸੇਵਾ
ਰੈਸਪਾਈਟ ਕੇਅਰ
ਨਰਸਿੰਗ ਸੇਵਾਵਾਂ
24 ਘੰਟੇ ਦੇਖਭਾਲ
ਮਰੀਜ਼ ਲਈ ਕੋਈ ਖਰਚਾ ਨਹੀਂ
ਏਐਚਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM
Dominion Lending Centres

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate
BEST Rates
Nirvair Singh Johal 403-690-8700
Bhajan Singh Johal 403-561-0227
3875 - 108th Avenue NE Calgary.

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


88 West
RENTALS
ਨਵੇਂ ਕਿਰਾਏਦਾਰਾਂ ਨੂੰ ਮਿਲੇਗਾ
ਇੱਕ
ਮਹੀਨਾ
ਕਿਰਾਇਆ ਮੁਫ਼ਤ!
+ ਮੁਫ਼ਤ ਏ/ਸੀ ਅਤੇ 1 ਸਾਲ
ਮੁਫ਼ਤ ਪਾਰਕਿੰਗ
ਜਦੋਂ ਤੁਸੀਂ 13 ਮਹੀਨਿਆਂ ਦੀ ਲੀਜ਼ ਸਾਈਨ ਕਰੋ*
*ਸ਼ਰਤਾਂ ਲਾਗੂ ਹਨ*
ਸਿਰਫ਼ ਮੂਵ-ਇਨ ਲਈ ਵੈਧ 31 ਅਕਤੂਬਰ, 2026 ਤੱਕ
ਹੋਰ ਜਾਣਕਾਰੀ ਲਈ 403.796.4533 'ਤੇ ਕਾਲ ਕਰੋ
88westrentals.com
*ਨਿਯਮ ਅਤੇ ਸ਼ਰਤਾਂ ਲਾਗੂ ਹਨ। ਪੇਸ਼ਕਸ਼ ਬਿਨਾਂ ਕਿਸੇ ਸੂਚਨਾ ਦੇ ਬਦਲੀ ਜਾ ਸਕਦੀ ਹੈ। ਵੇਰਵਿਆਂ ਲਈ ਲੀਜ਼ਿੰਗ ਟੀਮ ਨਾਲ ਸੰਪਰਕ ਕਰੋ।
88 West
FOR RENT
1 & 2 BDRM
(403).796.4533


ਨਵੇਂ ਕਿਰਾਏਦਾਰਾਂ ਨੂੰ ਮਿਲੇਗਾ
2 ਮਹੀਨੇ
ਕਿਰਾਇਆ ਮੁਫ਼ਤ
+ ਮੁਫ਼ਤ ਏ/ਸੀ ਅਤੇ
1 ਸਾਲ ਮੁਫ਼ਤ ਪਾਰਕਿੰਗ
ਜਦੋਂ ਤੁਸੀਂ 26 ਮਹੀਨਿਆਂ ਦੀ ਲੀਜ਼ ਸਾਈਨ ਕਰੋ*
*ਸ਼ਰਤਾਂ ਲਾਗੂ ਹਨ*
ਸਿਰਫ਼ ਮੂਵ-ਇਨ ਲਈ ਵੈਧ
31 ਅਕਤੂਬਰ, 2026 ਤੱਕ
88 West
RENTALS
ਹੋਰ ਜਾਣਕਾਰੀ ਲਈ 403.796.4533 'ਤੇ ਕਾਲ ਕਰੋ
88westrentals.com
*ਨਿਯਮ ਅਤੇ ਸ਼ਰਤਾਂ ਲਾਗੂ ਹਨ। ਪੇਸ਼ਕਸ਼ ਬਿਨਾਂ ਸੂਚਨਾ ਦੇ ਬਦਲੀ ਜਾ ਸਕਦੀ ਹੈ।
ਹੋਰ ਜਾਣਕਾਰੀ ਲਈ ਲੀਜ਼ਿੰਗ ਟੀਮ ਨਾਲ ਸੰਪਰਕ ਕਰੋ।




The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Vol: 13 No: 301 Website : www.punjabiakhbaar.ca Email: editor@punjabiakhbaar.ca Friday, 9 October 2026

## ਵਿਕੀ ਮੋਵਾਟ ਸਾਸਕਾਟੂਨ ਫੇਅਰਵਿਊ ਹਲਕੇ ਤੋਂ ਸਾਸਕਾਚਵਨ ਐਨ ਡੀ ਪੀ ਦੀ ਉਮੀਦਵਾਰ ਹੋਣਗੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ)- ਸਾਸਕਾਟੂਨ - ਵਿਕੀ ਮੋਵਾਟ ਨੂੰ ਸਾਸਕਾਟੂਨ ਫੇਅਰਵਿਊ ਹਲਕੇ ਤੋਂ ਅਗਲੀਆਂ ਸੂਬਾਈ ਚੋਣਾਂ ਲਈ ਸਾਸਕਾਚਵਨ ਐਨ ਡੀ ਪੀ ਦੀ ਪਹਿਲੀ ਉਮੀਦਵਾਰ ਵੱਜੋਂ ਨਾਮਜ਼ਦ ਕੀਤਾ ਗਿਆ ਹੈ। ਉਹ ਵਰਤਮਾਨ ਵਿੱਚ ਕਾਰਲਾ ਬੈਕ ਦੀ ਟੀਮ ਵਿੱਚ ਡਿਪਟੀ ਲੀਡਰ ਵੱਜੋਂ ਸ਼ਾਨਦਾਰ ਕੰਮ ਕਰ ਰਹੇ ਹਨ। ਮੋਵਾਟ ਨੇ ਸਾਸਕ। ਪਾਰਟੀ (Sask. Party) ਕਾਰਨ ਸਿਹਤ ਸੰਭਾਲ ਅਤੇ ਰਿਹਾਇਸ਼ ਦੇ ਖੇਤਰਾਂ ਵਿੱਚ ਪੈਦਾ ਹੋਏ ਸੰਕਟ ਵਿਰੁੱਧ ਡਟ ਕੇ ਲੜਾਈ ਲੜੀ ਹੈ। ਮੋਵਾਟ ਪਹਿਲੀ ਵਾਰ 2017 ਵਿੱਚ ਇੱਕ ਉਪ-ਚੋਣ ਜਿੱਤ ਕੇ ਵਿਧਾਨ ਸਭਾ ਲਈ ਚੁਣੇ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨੇ 2020 ਅਤੇ 2024 ਦੀਆਂ ਸੂਬਾਈ ਚੋਣਾਂ ਵਿੱਚ ਵੀ ਆਪਣੀ ਸੀਟ ਬਰਕਰਾਰ ਰੱਖੀ।




ਇਸ ਮੌਕੇ ਪਾਰਟੀ ਲੀਡਰ ਕਾਰਲਾ ਬੈਕ ਨੇ ਕਿਹਾ, "ਵਿਕੀ ਮੋਵਾਟ ਦ੍ਰਿੜਤਾ ਅਤੇ ਸਖ਼ਤ ਮਿਹਨਤ ਦੀ ਮਿਸਾਲ ਹਨ — ਉਹ ਉਨ੍ਹਾਂ ਗੁਣਾਂ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਸਾਸਕਾਚਵਨ ਦੇ ਲੋਕਾਂ ਨੂੰ ਬੇਮਿਸਾਲ ਬਣਾਉਂਦੇ ਹਨ।" "ਉਹ ਆਮ ਲੋਕਾਂ ਲਈ ਬਹੁਤ ਮਿਹਨਤ ਕਰਦੇ ਹਨ ਅਤੇ ਉਨ੍ਹਾਂ ਦੇ ਜੀਵਨ ਨੂੰ ਵਧੇਰੇ ਕਿਫਾਇਤੀ ਬਣਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਾਰਵਾਈ ਦੀ ਮੰਗ ਕਰਦੇ ਹਨ ਕਿ ਉਨ੍ਹਾਂ ਕੋਲ ਆਪਣਾ ਘਰ ਹੋਵੇ। ਵਿਕੀ ਨੇ ਸਾਸਕ ਪਾਰਟੀ ਕਾਰਨ ਸਿਹਤ ਸੰਭਾਲ ਖੇਤਰ ਵਿੱਚ ਹੋਏ ਉਸ ਨੁਕਸਾਨ ਵਿਰੁੱਧ ਡਟ ਕੇ ਲੜਾਈ ਲੜੀ ਹੈ ਜਿਸ ਨੇ ਸਾਨੂੰ ਪਹਿਲੇ ਸਥਾਨ ਤੋਂ ਆਖਰੀ ਸਥਾਨ 'ਤੇ ਪਹੁੰਚਾ ਦਿੱਤਾ ਹੈ। ਸਾਸਕਾਚਵਨ ਐਨ ਡੀ ਪੀ ਸਰਕਾਰ ਵਿੱਚ ਉਹ ਅਹਿਮ ਭੂਮਿਕਾ ਨਿਭਾਉਣਗੇ ਕਿਉਂਕਿ ਅਸੀਂ ਪਹਿਲੇ ਦਿਨ ਤੋਂ ਹੀ ਉਸ ਬਦਲਾਅ ਨੂੰ ਲਿਆਉਣ ਲਈ ਕੰਮ ਸ਼ੁਰੂ ਕਰਾਂਗੇ ਜਿਸ ਦੀ ਲੋਕ ਉਮੀਦ ਕਰ ਰਹੇ ਹਨ।"

ਵਿਕੀ ਮੋਵਾਟ ਦਾ ਜਨਮ ਅਲਬਰਟਾ ਵਿੱਚ ਹੋਇਆ ਸੀ, ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਸਾਸਕਾਚਵਨ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਚੋਣ ਲੜਨ ਤੋਂ ਪਹਿਲਾਂ ਵੱਖ-ਵੱਖ ਉੱਚ-ਸਿੱਖਿਆ ਅਕਾਦਮਿਕ ਭੂਮਿਕਾਵਾਂ ਵਿੱਚ ਕੰਮ ਕੀਤਾ। ਉਹ ਕੈਨੇਡੀਅਨ ਆਰਮਡ ਫੋਰਸਿਜ਼ ਰਿਜ਼ਰਵਜ਼ ਵਿੱਚ 11 ਸਾਲਾਂ ਦੀ ਸੇਵਾ ਤੋਂ ਬਾਅਦ ਸੇਵਾਮੁਕਤ ਕੈਪਟਨ ਵੀ ਹਨ। ਮੋਵਾਟ ਨੂੰ ਨੌਜਵਾਨ ਲੀਡਰਸ਼ਿਪ ਅਤੇ ਭਾਈਚਾਰਕ ਸੇਵਾ ਵਿੱਚ ਉਨ੍ਹਾਂ ਦੇ ਕੰਮ ਲਈ ਕਈ ਵਾਰ ਸਨਮਾਨਿਤ ਵੀ ਕੀਤਾ ਗਿਆ ਹੈ।




PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
Now Service Saskatoon & Surrounding Areas
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available















# ਵਿਆਹਾਂ ਸ਼ਾਦੀਆਂ ਜਾਂ ਹੋਰ ਖ਼ੁਸ਼ੀਆਂ ਦੇ ਮੌਕੇ ਗੁਰਦੀਪ ਢੋਲੀ ਲਾਉਂਦਾ ਐ ਰੌਣਕਾਂ



ਬੀਤੇ ਦਿਨੀ ਕੈਲਗਰੀ ਦੇ ਇੱਕ ਦੋ ਵਿਆਹਾਂ ਵਿੱਚ ਜਾਗੋ ਕੱਢਣ ਅਤੇ ਬਰਾਤ ਦੀ ਰਵਾਨਗੀ ਮੌਕੇ ਪੰਜਾਬ ਦੇ ਵਿਆਹਾਂ ਵਰਗਾ ਭੁਲੇਖਾ ਪਿਆ। ਢੋਲ ਦੀ ਤਾਲ ਅਤੇ ਫਿਰ ਤਾਲ ਦੇ ਨਾਲ ਸੁਰ ਮਿਲਾਕੇ ਪੈ ਰਹੀਆਂ ਬੋਲੀਆਂ ਦਾ ਤੂਫਾਨ ਵਿਆਹ ਦੀਆਂ ਮੇਲਣਾ ਨੂੰ ਗਿੱਧੇ ਦੇ ਪਿੜ ਵਿੱਚ ਘੁੰਮਾਈ ਫਿਰਦਾ ਸੀ । ਨਾਨਕਾ ਮੇਲ ਦਾ ਵਿਆਹ ਵਾਲੇ ਘਰ ਅੰਦਰ ਦਾਖਿਲੇ ਮੌਕੇ ਨਾਨਕਿਆਂ ਅਤੇ ਦਾਦਕਿਆਂ ਦਾ ਖੁਸੀਆਂ ਭਰਿਆ ਆਪਸੀ ਸੱਭਿਆਚਾਰਕ ਟਕਰਾ ਦੇਖਕੇ ਮਹਿਸੂਸ ਹੀ ਨਹੀਂ ਹੁੰਦਾ ਸੀ ਕਿ ਇਹ ਵਿਆਹ ਕੈਨੇਡਾ ਦੀ ਧਰਤੀ ਉੱਪਰ ਹੋ ਰਿਹਾ ਐ ਜਾਂ ਫਿਰ ਪੰਜਾਬ ਦੇ ਕਿਸੇ ਪਿੰਡ ਵਿੱਚ ਹੋ ਰਿਹਾ ਹੈ। ਪਰੋਗਰਾਮ ਖਤਮ ਹੋਣ ਉਪਰੰਤ ਜਦੋਂ ਢੋਲ ਵਜਾਉਣ ਵਾਲੇ ਅਤੇ ਨਾਲ ਦੀ ਨਾਲ ਸੱਭਿਆਚਾਰਕ ਬੋਲੀਆਂ ਦੀਆਂ ਬੂਛਾੜਾਂ ਕਰਨ ਵਾਲੇ ਦਾ ਨਾਂ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਸਦਾ ਨਾਂ ਗੁਰਦੀਪ ਢੋਲੀ ਐ। ਇਸ ਪੂਰੀ ਢੋਲ ਢਮੱਕੇ ਵਾਲੀ ਟੀਮ ਵਿੱਚ ਦੋ ਮਰਦ ਅਤੇ ਦੋ ਔਰਤਾਂ ਸਨ । ਉਹਨਾਂ ਦੱਸਿਆ ਕਿ ਉਹਨਾਂ ਕੋਲ ਵਿਆਹ ਮੰਗਣੇ,ਜਾਗੋ,ਲੋਹੜੀ, ਜਨਮ ਦਿਨ ਆਦਿ ਦੇ ਪਰੋਗਰਾਮ ਤਕਰੀਬਨ ਸਾਰਾ ਸਾਲ ਹੀ ਬੁੱਕ ਰਹਿੰਦੇ ਹਨ। ਸਾਡੇ ਘਰ ਅਕਸਰ ਖੁਸ਼ੀਆਂ ਦੇ ਮੌਕੇ ਆਉਂਦੇ ਰਹਿੰਦੇ ਹਨ,ਇਸ ਲਈ ਅਸੀਂ ਸੋਚਿਆ ਕਿ ਗੁਰਦੀਪ ਢੋਲੀ ਦਾ ਫੋਨ ਨੰਬਰ 403 497 6524 ਤੁਹਾਡੇ ਨਾਲ ਵੀ ਸਾਂਝਾ ਕਰ ਹੀ ਦੇਈਏ!




**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

403-232-6220

**ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ**

App Store | Play Store






# ਸ਼ਬਦ: ਸੁਰਿੰਦਰ ਗੀਤ ਵਿਸ਼ੇਸ਼ ਅੰਕ ਲੋਕ-ਅਰਪਣ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਤੰਬਰ 26,2026 ਨੂੰ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿੱਚ ਉੱਘੇ ਸੁਹਿਰਦ ਤੇ ਹਰਮਨ ਪਿਆਰੇ ਪੱਤਰਕਾਰ ਪਰਮਵੀਰ ਬਾਠ ਦੀ ਪ੍ਰਧਾਨਗੀ ਵਿੱਚ ਹੋਈ । ਇਸ ਇਕੱਤਰਤਾ ਵਿੱਚ ਹਰਜੀਤ ਅਟਵਾਲ (ਇੰਗਲੈਂਡ) ਦੀ ਅਗਵਾਈ  ਅਤੇ ਉੱਘੇ ਲੇਖਕ ਜਿੰਦਰ ਦੀ ਸੰਪਾਦਨਾ ਹੇਠ ਛਪਦੀ ਮੈਗਜ਼ੀਨ ਦਾ 47ਵਾਂ ਅੰਕ  ਜੋ ਸੁਰਿੰਦਰ ਗੀਤ ਨੂੰ ਸਮਰਪਿਤ ਵਿਸ਼ੇਸ਼ ਅੰਕ ਦੇ ਤੌਰ ਤੇ ਛਪਿਆ ਹੈ, ਲੋਕ-ਅਰਪਣ ਕੀਤਾ ਗਿਆ । ਰਵੀ ਸ਼ੇਰਗਿੱਲ ਦੇ ਹਵਾਲੇ ਨਾਲ ਇਹ ਅੰਕ ਸੁਰਿੰਦਰ ਗੀਤ ਦੀ ਰਚਨਾ ਨੂੰ ਇੱਕੋ ਕੋਣ ਤੋਂ ਦੇਖਣ ਦੀ ਥਾਂ ਵੱਖ ਵੱਖ ਆਲੋਚਨਾਤਮਿਕ ਦ੍ਰਿਸ਼ਟੀ ਰਾਹੀਂ ਸਮਝਣ ਦਾ ਯਤਨ ਹੈ । ਇਸ ਵਿੱਚ ਮੁਲਾਕਾਤ। ਖੋਜ-ਪੱਤਰ ਅਤੇ ਆਲੋਚਨਾਤਮਿਕ ਲੇਖ ਉਸ ਦੀ ਸਿਰਜਣਾ ਦੇ ਸਮਾਜਿਕ , ਸਭਿਆਚਾਰਕ, ਨਾਰੀ ਵਾਦੀ , ਮਾਨਵੀ ਅਤੇ ਕਲਾਤਮਕ ਪੱਖਾਂ ਨੂੰ ਉਜਾਗਰ ਕਰਦੇ ਹਨ । ਸਭਾ ਦੇ ਜਨਰਲ ਸਕੱਤਰ ਸ। ਗੁਰਦਿਆਲ ਸਿੰਘ ਖਹਿਰਾ ਨੇ ਸੁਰਿੰਦਰ ਗੀਤ ਦੇ ਰਚਨਾ ਸੰਸਾਰ ਅਤੇ ਮਿਲੇ ਮਾਨ ਸਨਮਾਨਾਂ ਬਾਰੇ ਜਾਣਕਾਰੀ ਦਿੱਤੀ । ਸੁਰਿੰਦਰ ਗੀਤ ਦੀ ਇੱਕ ਗ਼ਜ਼ਲ 'ਏਥੇ ਮੇਰਾ ਜੀਅ ਨਹੀਂ ਲੱਗਦਾ, ਰਾਜ ਹੈ ਪੌਣ ਕੁਪੱਤੀ ਦਾ" ਨੂੰ ਸੁਖਮੰਦਰ ਗਿੱਲ ਨੇ ਆਵਾਜ਼ ਦਿੱਤੀ । ਪੱਤਰਕਾਰ ਪਰਮਵੀਰ ਬਾਠ ਨੇ ਆਪਣੇ ਸਚਿਆਰੇ ਹੱਥਾਂ ਨਾਲ ਇਸ ਅੰਕ ਨੂੰ ਲੋਕ ਅਰਪਣ ਕੀਤਾ । ਉਹਨਾਂ ਕਿਹਾ ਕਿ ਜਿੰਦਰ ਇੱਕ ਤੀਖਣ ਬੁੱਧੀ ਦਾ ਮਾਲਕ ਹੈ, ਸ਼ਬਦ ਮੈਗਜ਼ੀਨ ਦੇ ਵਿਸ਼ੇਸ਼ ਅੰਕ ਲਈ ਸੁਰਿੰਦਰ ਗੀਤ ਦੀ ਚੋਣ ਇੱਕ ਵਧੀਆ ਚੋਣ ਹੈ । ਉਹਨਾਂ ਕਿਹਾ ਕਿ ਸੁਰਿੰਦਰ ਗੀਤ ਨੂੰ ਕਿਸਾਨ ਸੰਘਰਸ਼ ਦੇ ਸਮੇਂ ਤੋਂ ਜਾਣਦਾ ਹਾਂ । ਕਿਸਾਨ ਸੰਘਰਸ਼ ਵਿੱਚ ਸੁਰਿੰਦਰ ਗੀਤ ਨੇ ਆਪਣੀ ਲੇਖਣੀ ਰਾਹੀਂ ਜੋ ਯੋਗਦਾਨ ਪਾਇਆ ਉਹ ਸ਼ਲਾਘਾਯੋਗ ਹੈ । ਜਗਦੇਵ ਸਿੱਧੂ ਹੋਰਾਂ ਨੇ ਕਿਹਾ ਕਿ ਇਹ ਹਥਲਾ, ਸੁਰਿੰਦਰ ਗੀਤ ਵਿਸ਼ੇਸ਼ ਅੰਕ ਬੜੀ ਮਿਹਨਤ ਅਤੇ ਸੁਚੱਜਤਾ ਨਾਲ ਤਿਆਰ ਕੀਤਾ ਗਿਆ ਹੈ। ਡਾ: ਨਰੇਸ਼ ਦਵਾਰਾ ਕੀਤੀ ਗਈ ਮੁਲਾਕਾਤ ਦੀ ਉਹਨਾਂ ਰੱਜ ਕੇ ਸ਼ਲਾਘਾ ਕੀਤੀ ਤੇ ਕਿਹਾ ਕਿਹਾ," ਪੁੱਛੇ ਗਏ ਸਵਾਲ ਬਹੁਤ ਉੱਚ ਪਾਏ ਦੇ ਹਨ ਅਤੇ ਉਹਨਾਂ ਸਵਾਲਾਂ ਦੇ ਜਵਾਬਾਂ ਨਾਲ ਸੰਬੰਧਿਤ ਕਵਿਤਾ ਦੀਆਂ ਤੁਕਾਂ ਨੇ ਮੁਲਾਕਾਤ ਨੂੰ ਬਹੁਤ ਰੋਚਿਕ ਤੇ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ । ਅੱਗੇ ਚੱਲ ਕੇ ਉਹਨਾਂ ਇਹ ਵੀ ਕਿਹਾ ਕਿ ਇਹ ਅੰਕ ਸਾਹਿਤ- ਪ੍ਰੇਮੀਆਂ ਅਤੇ ਖੋਜਾਰਥੀਆਂ ਦੇ ਬਹੁਤ ਕੰਮ ਆਵੇਗਾ । ਇਸ ਅੰਕ ਵਿਚਲੇ ਵੱਖ ਵੱਖ ਲੇਖਕਾਂ ਦੇ ਵਿਚਾਰਾਂ ਤੇ ਸੰਖੇਪ ਵਿੱਚ ਚਾਨਣਾ ਪਾਇਆ । ਜਗਦੇਵ ਸਿੱਧੂ ਨੇ ਦੱਸਿਆ ਇਸ ਵਿੱਚ ਛਪਿਆ ਹਰ ਲੇਖ ਨਵਾਂ ਹੈ । ਕੋਈ ਵੀ ਚੀਜ਼ ਏਧਰੋਂ ਓਧਰੋਂ ਨਹੀਂ ਚੁੱਕੀ ਗਈ । ਨਾਟਕ ਕਾਰ ਗੁਰਬਾਣੀ ਗਿੱਲ ਨੇ ਸੁਰਿੰਦਰ ਗੀਤ ਬਾਰੇ ਬੋਲਦਿਆਂ ਕਿਹਾ ਕੁੱਝ ਕਲਮਾਂ ਸਿਆਹੀ ਨਾਲ ਨਹੀਂ ਚੱਲਦੀਆਂ, ਉਹ ਆਪਣੇ ਅੰਦਰ ਸਾਂਭੇ ਹੋਏ ਮੌਸਮਾਂ ਨਾਲ ਲਿਖਦੀਆਂ ਨੇ । ਇਸ ਮੌਕੇ ਹਾਜ਼ਰ ਸਾਹਿਤ ਪ੍ਰੇਮੀਆਂ  ਨੇ ਆਪੋ ਆਪਣੀਆਂ ਰਚਨਾਵਾਂ ਰਾਹੀ ਸਮੇਂ ਨੂੰ ਰੌਣਕ ਬਖ਼ਸ਼ੀ । ਜਿਨ੍ਹਾਂ ਚੋਂ ਜਰਨੈਲ ਸਿੰਘ ਤੱਗੜ , ਸੋਹਣ ਸਿੰਘ ਭੁੱਚੋ, ਸੁਖਵਿੰਦਰ ਸਿੰਘ ਤੂਰ,  ਮੁਨੱਵਰ ਅਹਿਮਦ ਨੇ ਡਾ। ਪਾਤਰ ਦੀ ਗ਼ਜ਼ਲ,  ਲਖਵਿੰਦਰ ਸਿੰਘ ਸਿੱਧੂ ਨੇ ਆਪਣੀ ਮੌਲਿਕ ਰਚਨਾ, ਸਰਵਨ ਸਿੰਘ , ਗੁਰਦੀਪ ਸਿੰਘ ਧਾਲੀਵਾਲ, ਇਕਬਾਲ ਕੌਰ ਭੁੱਲਰ,ਮਨਮੋਹਨ ਸਿੰਘ ਬਾਠ, ਜੈ ਸਿੰਘ ਅਤੇ ਸ੍ਰੀ ਸੁਭਾਸ਼ ਸ਼ਰਮਾ ਦੇ ਨਾਮ ਵਰਣਨ ਯੋਗ ਹਨ ।

ਇਸ ਤੋਂ ਇਲਾਵਾ ਮੰਗਲ ਚੱਠਾ,ਸੀਮਾ ਚੱਠਾ,ਸੁਖਬੀਰ ਸਿੰਘ ਸੰਧੂ,ਰੌਬੀ, ਮਨਜੀਤ ਕੌਰ ਖਹਿਰਾ,ਦਰਸ਼ਨ ਸਿੰਘ ਮਹਿਰੋਕ,ਜੋਧ ਵੀਰ ਸਿੰਘ ਉੱਪਲ, ਦਿਲਾਵਰ ਸਿੰਘ ਸਮਰਾ,ਗੁਰਮੀਤ ਕੌਰ ਸਮਰਾ,ਗੁਰਬਖ਼ਸ਼ ਸਿੰਘ ਗਿੱਲ, ਸੁਰਿੰਦਰ ਸਿੰਘ ਢਿੱਲੋਂ ਨੇ ਹਾਜ਼ਰੀ ਲਗਵਾਈ ।

# ਦਿੱਲੀਓਂ ਨਹੀਂ ਹੁਣ ਲੈਣ ਆਉਂਦਾ ਕੋਈ ਮੁੰਡਾ ਚਾਚੇ ਤਾਏ ਦਾ

## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵੰਨਗੀਆਂ ਭਰਪੂਰ ਰਹੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 28 ਸਤੰਬਰ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਇਕ ਹਿੰਦੀ ਗੀਤ ਵਜਾ ਕੇ ਕਾਰਵਾਈ ਸ਼ੁਰੂ ਕੀਤੀ ਅਤੇ ਕਾਰਵਾਈ ਦੌਰਾਨ ਚੁਟਕਲਾ ਵੀ ਸੁਣਾਇਆ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਮੌਕੇ ਅਜ਼ੀਮ ਸ਼ਹਾਦਤ ਪ੍ਰਤੀ ਅਕੀਦਾ ਪੇਸ਼ ਕੀਤਾ। ਉਨ੍ਹਾਂ ਨੇ 30 ਸਤੰਬਰ ਨੂੰ ਮਨਾਏ ਜਾਂਦੇ ਨੈਸ਼ਨਲ ਰੀਕੌਨਸੀਲੀਏਸ਼ਨ ਦਿਵਸ ਦੀ ਮਹੱਤਤਾ ਦੱਸਦਿਆਂ ਇੱਥੋਂ ਦੇ ਮੂਲਨਿਵਾਸੀਆਂ ਨਾ਼ਲ ਆਪਸੀ ਸਦਭਾਵਨਾ ਵਾ਼ਲਾ ਮਾਹੌਲ ਸਿਰਜਣ ਦੀ ਅਪੀਲ ਕੀਤੀ। ਅਲਬਰਟਾ ਵਿੱਚ ਹੋ ਰਹੇ ਰਿਫਰੈਂਡਮ ਸਮੇਂ ਵੋਟ ਪਾਉਣ ਦੀ ਵਿਧੀ ਬਾਰੇ ਜਾਗਰੂਕ ਕੀਤਾ। ਤਾਰਾ-ਵਿਗਿਆਨ ਦੀ ਜਾਣਕਾਰੀ ਦਿੰਦਿਆਂ ਧਰੂ ਤਾਰੇ ਦੀ ਦੰਦ-ਕਥਾ ਦਾ ਹਵਾਲਾ ਦੇ ਕੇ ਦੱਸਿਆ ਕਿ ਇਹ ਤਾਰਾ ਧਰਤੀ ਦੇ ਧੁਰੇ ਦੀ ਲਾਈਨ ਵਿੱਚ ਸਥਿਤ ਹੋਣ ਕਰ ਕੇ ਹਰ ਸਮੇਂ ਸਥਿੱਰ ਦਿਸਦਾ ਹੈ। ਇਹ ਸਾਥੋਂ 400 ਰੌਸ਼ਨੀ ਵਰ੍ਹੇ (iLght Years) ਦੂਰ ਹੈ। ਉਨ੍ਹਾ ਨੇ ਕਿਹਾ ਕਿ ਸਵਰਗ ਇਸੇ ਧਰਤੀ ਉਪਰ ਹੈ ਤੇ ਅਸੀਂ ਆਪਣੇ ਕੰਮਾਂ, ਆਪਣੀ ਸੋਚ ਅਤੇ ਵਿਹਾਰ ਨਾ਼ਲ ਸੁਰਗ ਸਿਰਜ ਸਕਦੇ ਹਾਂ। ਅੱਗੇ ਦੱਸਿਆ ਕਿ ਮਸਨੂਈ ਬੁੱਧੀ (Aritifical Intelilgence – A I) ਬਾਰੇ ਉੱਠ ਰਹੇ ਸ਼ੰਕਿਆਂ ਨੂੰ ਮਨੁੱਖ ਵਿਧੀ ਮੁਤਾਬਕ ਨਵਿਰਤ ਕਰ ਲਵੇਗਾ। ਇਸ ਤਕਨਾਲੋਜੀ ਨੇ ਹਰ ਖੇਤਰ ਵਿੱਚ ਕ੍ਰਾਂਤੀ ਲਿਆਉਣੀ ਹੈ। ਜੰਗਪਾਲ ਖੋਸਾ ਨੇ ਬਤੌਰ ਖ਼ਜ਼ਾਨਚੀ ਜ਼ਿੰਮੇਵਾਰੀਆਂ ਨਿਭਾਉਣ ਸਮੇਂ ਆਉਂਦੀਆਂ ਮੁਸ਼ਕਲਾਂ ਨਜਿੱਠਣ ਬਾਰੇ ਦੱਸਿਆ ਤਾਂ ਸਾਰੇ ਉਸ ਦੇ ਸੱਚੇ-ਸੁੱਚੇ ਤੇ ਮਿਹਨਤੀ ਕਿਰਦਾਰ ਤੋਂ ਮੁਤਾਸਰ ਹੋਏ। ਸਤੰਬਰ ਮਹੀਨੇ ਜਨਮ ਦਿਨ ਵਾ਼ਲੇ ਮੈਂਬਰਾਂ ਨੂੰ ਸੁਗਾਤਾਂ ਦੇ ਕੇ ਮੁਬਾਰਕਾਂ ਪਰੋਸੀਆਂ ਗਈਆਂ। ਸੁਖਮੰਦਰ ਗਿੱਲ, ਤਰਜੀਤ ਲਾਲੀ, ਯਾਦਵਿੰਦਰ ਸਿੱਧੂ, ਜੋਗਾ ਸਿੰਘ ਲੈਹਲ, ਵਿਜੇ ਸਚਦੇਵਾ,,ਗੁਰਮਿੰਦਰ ਕੌਰ ਮਨਮੋਹਨ ਸਿੰਘ ਬਾਠ, ਕਰਮ ਸਿੰਘ ਭੁੱਲਰ ਸੁਖਵਿੰਦਰ ਕੌਰ (ਸੁੱਖੀ ਕੁੰਡੂ) ਸ਼ਮਿੰਦਰ ਕੰਮੋਹ,ਵਿਨੋਦ ਕੁਮਾਰੀ,ਕੰਵਲਜੀਤ ਕੌਰ ਧਾ਼ਲੀਵਾ਼ਲ ਤਦੀਆਂ ਪੇਸ਼ਕਾਰੀਆਂ ਤੋਂ ਇਲਾਵਾ ਹਰਿੰਦਰ ਕੌਰ ਮੁੰਡੀ ਦੀ ਕਵਿਤਾ, ਬਦਲੇ ਮਾਹੌਲ ਅਤੇ ਢਿੱਲੇ ਪੈਂਦੇ ਰਿਸ਼ਤਿਆਂ ਬਾਰੇ ਦਿੱਲੀਓਂ ਨਹੀਂ ਹੁਣ ਲੈਣ ਆਉਂਦਾ ਕੋਈ ਮੁੰਡਾ ਚਾਚੇ ਤਾਏ ਦਾ- ਸੁਣਾਕੇ ਵਾਹ ਵਾਹ ਖੱਟੀ । ਰਿਸ਼ੀ ਨਾਗਰ ਨੇ ਰਿਸ਼ਤੇ ਲੱਭਣ ਦੀ ਰਸਮ ਬਾਰੇ ਦੋ ਮਜ਼ਾਕੀਆ ਕਵਿਤਾਵਾਂ ਅਜਿਹੇ ਅੰਦਾਜ਼ ਵਿੱਚ ਸੁਣਾਈਆ ਕਿ ਹਰੇਕ ਸਤਰ ਨੇ ਹਾਸੇ ਬਿਖੇਰ ਦਿੱਤੇ।ਅਖੀਰ ਵਿਚ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਸਭ ਦਾ ਰਸਮੀ ਤੌਰ'ਤੇ ਧੰਨਵਾਦ ਕੀਤਾ। ਬੀਬੀਆਂ ਦੁਆਰਾ ਪਰੋਸੇ ਪੌਸ਼ਟਿਕ ਭੋਜਨ ਦਾ ਸਵਾਦ ਨਿਰਾਲਾ ਹੀ ਸੀ।



# ਏਅਰਡਰੀ ਦੇ ਵੈਂਟੇਜਰਾਈਜ ਵਿੱਚ ਵਸਣ ਲਈ ਪੰਜਾਬੀ ਭਾਈਚਾਰੇ ਨੇ ਦਿਲਚਸਪੀ ਵਿਖਾਈ

ਏਅਰਡਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਤੂਫਾਨੀ ਗਤੀ ਨਾਲ ਵਿਕਸਤ ਹੋ ਰਹੇ ਕਸਬੇ ਏਅਰਡਰੀ ਵਿਖੇ ਕੁਆਲਿਕੋ ਕਮਿਓਨਿਟੀ ਵੱਲੋਂ 7 ਨਾਮਵਰ ਬਿਲਡਿਰਾਂ ਦੇ ਸਹਿਯੋਗ ਨਾਲ ਡਿਵੈਲਪ ਕੀਤੇ ਵੈਂਟੇਰਾਈਜ ਕਮਿਓਨਿਟੀ ਵਿੱਚ ਬੀਤੇ ਦਿਨੀ ਨਵੇਂ ਸ਼ੋਅ ਹੋਮਜ ਦਾ ਉਦਘਾਟਨ ਕੀਤਾ ਗਿਆ। ਮੌਸਮ ਭਾਵੇਂ ਠੰਡਾਠਾਰ ਸੀ ਪਰ ਇਸ ਏਰੀਆ ਵਿੱਚ ਨਵੇਂ ਘਰਾਂ ਵਿੱਚ ਵਸਣ ਦੇ ਸੌਕੀਨਾਂ ਦੀ ਚਾਹਤ ਵਿੱਚ ਗਰਮਾਹਟ ਦੇਖੀ ਗਈ। ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਉਸ ਦਿਨ ਇੱਕ ਵਜੇ ਤੋਂ ਲੈਕੇ ਚਾਰ ਵਜੇ ਤੱਕ ਨਵੇਂ ਬਣੇ ਸ਼ੋਅ ਹੋਮਜ ਦੇਖੇ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੇ ਘਰਾਂ ਦੀ ਬੁਕਿੰਗ ਸਬੰਧੀ, ਸਬੰਧਿਤ ਸੇਲਜਮੈਂਨਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਕੁਆਲਿਕੋ ਕਮਿਓਨਿਟੀ ਵੱਲੋਂ ਮੋਨਿਕਾ ਅਤੇ ਰਸਨਾ ਥਿੰਦ ਤੋਂ ਇਲਾਵਾ ਉਹਨਾਂ ਦੀ ਟੀਮ ਦੇ ਬਹੁਤ ਸਾਰੇ ਮੈਂਬਰ ਹਾਜਿਰ ਸਨ।




HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE,
GARAGE DOOR INSTALLATION,
NEW HOUSE FRAMING,
OLD HOUSE EXTENSION & ANY OTHER ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਸਰੋਤ, ਸੱਤਾ ਅਤੇ ਸਰਹੱਦਾਂ ਦਾ ਸਵਾਲ




## ਓਟਾਵਾ ਨਾਲ ਅਲਬਰਟਾ ਦੇ ਊਰਜਾ, ਟੈਕਸ, ਫੈਡਰਲ ਅਧਿਕਾਰਾਂ, ਇਕੁਅਲਾਈਜ਼ੇਸ਼ਨ ਅਤੇ ਸੂਬਾਈ ਖ਼ੁਦਮੁਖ਼ਤਿਆਰੀ ਬਾਰੇ ਜਾਇਜ਼ ਮਤਭੇਦ ਹਨ। ਅਲਬਰਟਾ ਨੂੰ ਆਪਣੇ ਹਿੱਤਾਂ ਦੀ ਡਟ ਕੇ ਰੱਖਿਆ ਕਰਨੀ ਚਾਹੀਦੀ ਹੈ।ਪਰ ਓਟਾਵਾ ਨਾਲ ਮਤਭੇਦ ਕੈਨੇਡਾ ਨਾਲੋਂ ਰਿਸ਼ਤਾ ਤੋੜਨ ਦਾ ਆਪਣੇ ਆਪ ਵਿੱਚ ਕਾਫ਼ੀ ਕਾਰਨ ਨਹੀਂ ਹੈ।



**Rishi Nagar**
Senator, University of Calgary (2018-2024)
Member, Anti Racism Action Committee, Calgary (2020-2022)
Member, CPS Anti Racism Committee (2021)
News Director and Host - 106.7 RED FM (CKYR) Calgary
T 403.286.1010 C 587.899.1060
Follow me at Twitter.com/@RishiKnagar"rishinagar.ca

ਅਲਬਰਟਾ ਦਾ ਰੈਫਰੰਡਮ ਸਿਰਫ਼ ਵੱਖ ਹੋਣ ਜਾਂ ਨਾ ਹੋਣ ਦਾ ਸਵਾਲ ਨਹੀਂ ਹੈ। ਇਹ ਇਸ ਤੋਂ ਵੀ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ—ਅਲਬਰਟਾ ਦੇ ਭਵਿੱਖ ਦਾ ਫ਼ੈਸਲਾ ਕੌਣ ਕਰੇਗਾ?

ਪ੍ਰਵਾਸੀਆਂ ਦੀ ਕਹਾਣੀ ਬਹੁਤ ਜਾਣੀ-ਪਛਾਣੀ ਹੈ। ਅਸੀਂ ਸੁਰੱਖਿਆ, ਮੌਕਿਆਂ ਅਤੇ ਬਿਹਤਰ ਭਵਿੱਖ ਦੀ ਆਸ ਨਾਲ ਕੈਨੇਡਾ ਆਏ। ਇੱਥੇ ਘਰ ਬਣਾਏ, ਪਰਿਵਾਰ ਵਸਾਏ, ਕਾਰੋਬਾਰ ਖੜ੍ਹੇ ਕੀਤੇ ਅਤੇ ਆਪਣੇ ਆਲੇ-ਦੁਆਲੇ ਦੇ ਸਮਾਜ ਦਾ ਹਿੱਸਾ ਬਣੇ। ਹੁਣ ਸਾਡਾ ਭਵਿੱਖ ਵੀ ਇਸ ਧਰਤੀ ਨਾਲ ਜੁੜਿਆ ਹੋਇਆ ਹੈ। ਇਸੇ ਲਈ ਅਲਬਰਟਾ ਵਿੱਚ ਚੱਲ ਰਹੀ ਵੱਖਵਾਦ ਦੀ ਬਹਿਸ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੋਣੀ ਚਾਹੀਦੀ ਹੈ।

ਕਿਸੇ ਫੈਡਰੇਸ਼ਨ ਤੋਂ ਵੱਖ ਹੋਣ ਦੀ ਲਹਿਰ ਆਮ ਤੌਰ 'ਤੇ ਕਿਸੇ ਇੱਕ ਨੀਤੀ, ਇੱਕ ਸਰਕਾਰ ਜਾਂ ਇੱਕ ਆਰਥਿਕ ਵਿਵਾਦ ਤੋਂ ਪੈਦਾ ਨਹੀਂ ਹੁੰਦੀ। ਆਰਥਿਕ ਅਤੇ ਸਮਾਜਕ ਨਾਰਾਜ਼ਗੀ ਇਸ ਨੂੰ ਹਵਾ ਦੇ ਸਕਦੀ ਹੈ ਅਤੇ ਖੇਤਰੀ ਪਛਾਣ ਇਸ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ। ਪਰ ਅਜਿਹੀਆਂ ਲਹਿਰਾਂ ਦੇ ਆਲੇ-ਦੁਆਲੇ ਮੌਜੂਦ ਵੱਡੇ ਹਿੱਤਾਂ ਨੂੰ ਵੀ ਸਮਝਣਾ ਜ਼ਰੂਰੀ ਹੈ।

ਰੈਫਰੰਡਮ ਲੋਕਤੰਤਰ ਦਾ ਇੱਕ ਜਾਇਜ਼ ਸਾਧਨ ਹੈ। ਲੋਕਾਂ ਨੂੰ ਆਪਣੀ ਰਾਏ ਦੇਣ ਦਾ ਪੂਰਾ ਹੱਕ ਹੈ। ਪਰ ਲੋਕਤੰਤਰ ਸਾਨੂੰ ਇਹ ਪੁੱਛਣ ਦਾ ਹੱਕ ਵੀ ਦਿੰਦਾ ਹੈ: ਇਸ ਬਹਿਸ ਨੂੰ ਕੌਣ ਪ੍ਰਭਾਵਿਤ ਕਰ ਰਿਹਾ ਹੈ, ਕਿਹੜੇ ਹਿੱਤ ਇਸ ਨਾਲ ਜੁੜੇ ਹਨ ਅਤੇ ਆਖ਼ਰਕਾਰ ਇਸ ਦਾ ਲਾਭ ਕਿਸ ਨੂੰ ਹੋਵੇਗਾ?

**ਅਲਬਰਟਾ ਦੇ ਸਰੋਤ**

ਅਲਬਰਟਾ ਕੋਲ ਉਹ ਚੀਜ਼ਾਂ ਹਨ ਜਿਨ੍ਹਾਂ ਦੀ ਦੁਨੀਆ ਨੂੰ ਲੋੜ ਹੈ—

ਤੇਲ, ਕੁਦਰਤੀ ਗੈਸ, ਖਣਿਜ ਅਤੇ ਹੋਰ ਰਣਨੀਤਕ ਕੁਦਰਤੀ ਸਰੋਤ।

ਊਰਜਾ ਸੁਰੱਖਿਆ, ਕ੍ਰਿਟੀਕਲ ਮਿਨਰਲਜ਼, ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਨਵੀਆਂ ਤਕਨਾਲੋਜੀਆਂ ਦੇ ਇਸ ਦੌਰ ਵਿੱਚ ਅਲਬਰਟਾ ਸਿਰਫ਼ ਕੈਨੇਡਾ ਦੇ ਨਕਸ਼ੇ ਉੱਤੇ ਇੱਕ ਸੂਬਾ ਨਹੀਂ ਹੈ। ਇਹ ਇੱਕ ਬੇਹੱਦ ਕੀਮਤੀ ਰਿਸੋਰਸ ਬੇਸ ਵੀ ਹੈ।

ਗਲੋਬਲ ਉਦਯੋਗਿਕ ਹਿੱਤਾਂ ਲਈ ਸਰੋਤਾਂ ਨਾਲ ਭਰਪੂਰ ਕੋਈ ਇਲਾਕਾ ਆਰਥਿਕ ਮੌਕਿਆਂ ਦੀ ਨਵੀਂ ਸਰਹੱਦ ਹੋ ਸਕਦਾ ਹੈ। ਪਰ ਉੱਥੇ ਰਹਿਣ ਵਾਲੇ ਲੋਕਾਂ ਲਈ ਇਹੀ ਸਰੋਤ ਰੁਜ਼ਗਾਰ, ਖੁਸ਼ਹਾਲੀ, ਪਛਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਆਰਥਿਕ ਸੁਰੱਖਿਆ ਦਾ ਆਧਾਰ ਹਨ।

ਮੂਲਵਾਸੀ ਲੋਕਾਂ ਦਾ ਇਤਿਹਾਸ ਸਾਨੂੰ ਇੱਕ ਮਹੱਤਵਪੂਰਨ ਸਬਕ ਦਿੰਦਾ ਹੈ—ਜਦੋਂ ਤਾਕਤਵਰ ਬਾਹਰੀ ਹਿੱਤਾਂ ਦੀ ਨਜ਼ਰ ਜ਼ਮੀਨ ਅਤੇ ਕੁਦਰਤੀ ਸਰੋਤਾਂ ਉੱਤੇ ਪੈਂਦੀ ਹੈ, ਤਾਂ ਸਥਾਨਕ ਲੋਕਾਂ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਉਨ੍ਹਾਂ ਦੀ ਆਵਾਜ਼ ਅਤੇ ਉਨ੍ਹਾਂ ਦੇ ਹੱਕ ਪਿੱਛੇ ਨਾ ਧੱਕੇ ਜਾਣ।

**ਬਾਹਰੀ ਪ੍ਰਭਾਵ ਬਾਰੇ ਸਵਾਲ**

ਜੇ ਅਮਰੀਕੀ ਰਾਜਨੀਤਕ, ਕਾਰੋਬਾਰੀ ਜਾਂ ਸਰੋਤਾਂ ਨਾਲ ਜੁੜੇ ਹਿੱਤ ਅਲਬਰਟਾ ਦੀ ਵੱਖਵਾਦੀ ਲਹਿਰ ਨਾਲ ਸਬੰਧਤ ਲੋਕਾਂ ਨਾਲ ਸੰਪਰਕ ਕਰ ਰਹੇ ਹਨ, ਤਾਂ ਅਲਬਰਟਾ ਦੇ ਲੋਕਾਂ ਨੂੰ ਇਨ੍ਹਾਂ ਸਬੰਧਾਂ ਦੀ ਪ੍ਰਕਿਰਤੀ ਅਤੇ ਮਕਸਦ ਜਾਣਨ ਦਾ ਹੱਕ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਹਰ ਅਜਿਹੇ ਸੰਪਰਕ ਨੂੰ ਸਾਜ਼ਿਸ਼ ਕਹਿ ਦਿੱਤਾ ਜਾਵੇ। ਹਰ ਦਾਅਵੇ ਲਈ ਸਬੂਤ ਜ਼ਰੂਰੀ ਹਨ। ਪਰ ਵਿਦੇਸ਼ੀ ਪ੍ਰਭਾਵ ਬਾਰੇ ਜਾਇਜ਼ ਸਵਾਲਾਂ ਨੂੰ ਨਜ਼ਰਅੰਦਾਜ਼ ਕਰਨਾ ਵੀ ਠੀਕ ਨਹੀਂ।

ਜੇ ਬਾਹਰੀ ਹਿੱਤ ਅਲਬਰਟਾ ਅਤੇ ਕੈਨੇਡਾ ਦੇ ਰਿਸ਼ਤੇ ਵਿੱਚ ਬੁਨਿਆਦੀ ਤਬਦੀਲੀ ਨੂੰ ਉਤਸ਼ਾਹਿਤ ਕਰ ਰਹੇ ਹਨ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ: ਕਿਉਂ? ਉਨ੍ਹਾਂ ਦੇ ਆਰਥਿਕ ਹਿੱਤ ਕੀ ਹਨ? ਉਨ੍ਹਾਂ ਨੂੰ ਇਸ ਵਿੱਚੋਂ ਕੀ ਮਿਲੇਗਾ?

ਅੱਜ ਸਰਹੱਦਾਂ ਅਤੇ ਰਾਜਨੀਤਕ ਰਿਸ਼ਤੇ ਸਿਰਫ਼ ਫ਼ੌਜਾਂ ਨਾਲ ਪ੍ਰਭਾਵਿਤ ਨਹੀਂ ਹੁੰਦੇ। ਪੂੰਜੀ, ਬਾਜ਼ਾਰ, ਤਕਨਾਲੋਜੀ, ਊਰਜਾ ਅਤੇ ਸਰੋਤਾਂ ਉੱਤੇ ਕਾਬੂ ਵੀ ਭੂ-ਰਾਜਨੀਤੀ ਨੂੰ ਬਦਲ ਸਕਦੇ ਹਨ।

ਇਸ ਲਈ ਓਟਾਵਾ ਤੋਂ ਆਜ਼ਾਦੀ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਅਲਬਰਟਾ ਦੇ ਲੋਕਾਂ ਨੂੰ ਇੱਕ ਹੋਰ ਸਵਾਲ ਪੁੱਛਣਾ ਚਾਹੀਦਾ ਹੈ:

ਕੀ ਅਸੀਂ ਆਪਣੇ ਭਵਿੱਖ ਉੱਤੇ ਵਧੇਰੇ ਕਾਬੂ ਚਾਹੁੰਦੇ ਹਾਂ—ਜਾਂ ਇੱਕ ਰਿਸ਼ਤੇ ਤੋਂ ਨਿਕਲ ਕੇ ਕਿਸੇ ਹੋਰ, ਕਿਤੇ ਵੱਡੀ ਬਾਹਰੀ ਤਾਕਤ ਉੱਤੇ ਨਿਰਭਰ ਹੋਣ ਦਾ ਖ਼ਤਰਾ ਮੁੱਲ ਲੈ ਰਹੇ ਹਾਂ?

**ਪ੍ਰਵਾਸੀਆਂ ਦੀ ਵੀ ਹਿੱਸੇਦਾਰੀ ਹੈ**

ਪ੍ਰਵਾਸੀਆਂ ਲਈ ਇਹ ਬਹਿਸ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ।

ਅਸੀਂ ਸ਼ਾਇਦ ਇੱਥੇ ਪੈਦਾ ਨਹੀਂ ਹੋਏ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਹਮੇਸ਼ਾ ਬਾਹਰਲੇ ਹੀ ਰਹਾਂਗੇ। ਸਾਡੇ ਬੱਚੇ ਇੱਥੇ ਪੜ੍ਹਦੇ ਹਨ। ਅਸੀਂ ਇੱਥੇ ਕੰਮ ਕਰਦੇ ਹਾਂ, ਟੈਕਸ ਦਿੰਦੇ ਹਾਂ, ਕਾਰੋਬਾਰ ਬਣਾਉਂਦੇ ਹਾਂ ਅਤੇ ਆਪਣੇ ਸਮਾਜ ਵਿੱਚ ਯੋਗਦਾਨ ਪਾਉਂਦੇ ਹਾਂ।

ਅਲਬਰਟਾ ਵਿੱਚ ਵੀ ਸਾਡੀ ਹਿੱਸੇਦਾਰੀ ਹੈ ਅਤੇ ਕੈਨੇਡਾ ਵਿੱਚ ਵੀ।

ਓਟਾਵਾ ਨਾਲ ਅਲਬਰਟਾ ਦੇ ਊਰਜਾ, ਟੈਕਸ, ਫੈਡਰਲ ਅਧਿਕਾਰਾਂ, ਇਕੁਅਲਾਈਜ਼ੇਸ਼ਨ ਅਤੇ ਸੂਬਾਈ ਖ਼ੁਦਮੁਖ਼ਤਿਆਰੀ ਬਾਰੇ ਜਾਇਜ਼ ਮਤਭੇਦ ਹਨ। ਅਲਬਰਟਾ ਨੂੰ ਆਪਣੇ ਹਿੱਤਾਂ ਦੀ ਡਟ ਕੇ ਰੱਖਿਆ ਕਰਨੀ ਚਾਹੀਦੀ ਹੈ।

ਪਰ ਓਟਾਵਾ ਨਾਲ ਮਤਭੇਦ ਕੈਨੇਡਾ ਨਾਲੋਂ ਰਿਸ਼ਤਾ ਤੋੜਨ ਦਾ ਆਪਣੇ ਆਪ ਵਿੱਚ ਕਾਫ਼ੀ ਕਾਰਨ ਨਹੀਂ ਹੈ।

ਵੱਖ ਹੋਣ ਦਾ ਮਤਲਬ ਸਿਰਫ਼ ਨਕਸ਼ੇ ਉੱਤੇ ਇੱਕ ਨਵੀਂ ਲਕੀਰ ਖਿੱਚਣਾ ਨਹੀਂ ਹੋਵੇਗਾ। ਇਸ ਨਾਲ ਆਰਥਿਕ ਰਿਸ਼ਤੇ, ਨਾਗਰਿਕਤਾ, ਵਪਾਰ, ਸੰਸਥਾਵਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਬੁਨਿਆਦੀ ਤੌਰ 'ਤੇ ਬਦਲ ਸਕਦਾ ਹੈ।

**ਮੇਰੀ ਚੋਣ: ਕੈਨੇਡਾ ਵਿੱਚ ਅਲਬਰਟਾ**

ਕੈਨੇਡਾ ਸੰਪੂਰਨ ਨਹੀਂ ਹੈ। ਕਨਫੈਡਰੇਸ਼ਨ ਵੀ ਸੰਪੂਰਨ ਨਹੀਂ ਹੈ। ਅਲਬਰਟਾ ਨੂੰ ਆਪਣੇ ਲਈ ਇਨਸਾਫ਼ਪੂਰਨ ਹਿੱਸੇ ਅਤੇ ਆਪਣੇ ਸੰਵਿਧਾਨਕ ਅਧਿਕਾਰਾਂ ਦੇ ਵਧੇਰੇ ਸਤਿਕਾਰ ਦੀ ਮੰਗ ਕਰਦੇ ਰਹਿਣਾ ਚਾਹੀਦਾ ਹੈ।

ਪਰ ਅਲਬਰਟਾ ਨੂੰ ਕੈਨੇਡਾ ਵਿੱਚ ਹੀ ਰਹਿਣਾ ਚਾਹੀਦਾ ਹੈ।

ਬਿਹਤਰ ਰਾਹ ਕੈਨੇਡਾ ਤੋਂ ਬਿਨਾਂ ਅਲਬਰਟਾ ਜਾਂ ਅਲਬਰਟਾ ਤੋਂ ਬਿਨਾਂ ਕਮਜ਼ੋਰ ਕੈਨੇਡਾ ਨਹੀਂ ਹੈ। ਬਿਹਤਰ ਰਾਹ ਹੈ—ਇੱਕ ਹੋਰ ਮਜ਼ਬੂਤ ਅਤੇ ਨਿਆਂਪੂਰਨ ਕੈਨੇਡਾ ਦੇ ਅੰਦਰ ਇੱਕ ਹੋਰ ਮਜ਼ਬੂਤ ਅਲਬਰਟਾ।

ਪ੍ਰਵਾਸੀਆਂ ਲਈ ਕੈਨੇਡਾ ਸਿਰਫ਼ ਇੱਕ ਰਾਜਨੀਤਕ ਪ੍ਰਬੰਧ ਨਹੀਂ ਹੈ। ਇਹ ਉਹ ਦੇਸ਼ ਹੈ ਜਿਸ ਨੂੰ ਅਸੀਂ ਚੁਣਿਆ ਅਤੇ ਜਿੱਥੇ ਅਸੀਂ ਆਪਣਾ ਭਵਿੱਖ ਬਣਾਇਆ।

ਇਸ ਲਈ ਮੇਰੀ ਚੋਣ ਅਲਬਰਟਾ ਜਾਂ ਕੈਨੇਡਾ ਵਿੱਚੋਂ ਕਿਸੇ ਇੱਕ ਦੀ ਨਹੀਂ ਹੈ।

**ਮੇਰੀ ਚੋਣ ਹੈ—ਕੈਨੇਡਾ ਵਿੱਚ ਅਲਬਰਟਾ।**

ਅਲਬਰਟਾ ਦੇ ਸਰੋਤਾਂ ਦਾ ਲਾਭ ਅਲਬਰਟਾ ਦੇ ਲੋਕਾਂ ਨੂੰ ਮਿਲਣਾ ਚਾਹੀਦਾ ਹੈ। ਅਲਬਰਟਾ ਦੇ ਭਵਿੱਖ ਦਾ ਫ਼ੈਸਲਾ ਵੀ ਅਲਬਰਟਾ ਦੇ ਲੋਕਾਂ ਨੂੰ ਹੀ ਕਰਨਾ ਚਾਹੀਦਾ ਹੈ—ਪੂਰੀ ਜਾਣਕਾਰੀ, ਪਾਰਦਰਸ਼ਤਾ ਅਤੇ ਕਿਸੇ ਵੀ ਗ਼ਲਤ ਬਾਹਰੀ ਪ੍ਰਭਾਵ ਤੋਂ ਮੁਕਤ ਹੋ ਕੇ।

ਸਰੋਤ ਅਲਬਰਟਾ ਦੇ ਹਨ। ਫ਼ੈਸਲਾ ਅਲਬਰਟਾ ਦਾ ਹੈ। ਅਤੇ ਮੇਰੀ ਨਜ਼ਰ ਵਿੱਚ, ਅਲਬਰਟਾ ਦਾ ਭਵਿੱਖ ਕੈਨੇਡਾ ਦੇ ਅੰਦਰ ਹੀ ਹੈ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਨਾਰਥ ਵੈਸਟ ਸੀਨੀਅਰ ਸੋਸਾਇਟੀ ਦੇ ਪ੍ਰਧਾਨ ਸ: ਕਰਮ ਸਿੰਘ ਭੁੱਲਰ ਚੁਣੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਿਤੀ 23 ਸਤੰਬਰ 2026 ਨੂੰ NWSS ਦੀ ਮਹੀਨਾਵਾਰ ਮੀਟਿੰਗ ਸਥਾਨਕ LIVINGSTON HUB ਵਿੱਚ ਸ ਕਰਮ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਸਕੱਤਰ ਸ ਜਸਪਾਲ ਸਿੰਘ ਕੰਗ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ । ਸ ਦਰਸ਼ਨ ਸਿੰਘ ਧਾਲੀਵਾਲ ਨੇ ਸੋਸਾਇਟੀ ਦੀ ਨਵੀ ਕਮੇਟੀ ਨੂੰ ਵਧਾਈ ਦਿੱਤੀ ਅਤੇ ਚੁਣੇ ਗਏ ਅਹੁਦੇਦਾਰਾਂ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਕਰਮ ਸਿੰਘ ਭੁੱਲਰ, ਉਪ ਪ੍ਰਧਾਨ ਜਗਜੀਵਨ ਸਿੰਘ ਬੱਲ,ਸੈਕਟਰੀ ਜਸਪਾਲ ਸਿੰਘ ਕੰਗ,ਜਾਇੰਟ ਸੈਕਟਰੀ ਇੰਦਰਜੀਤ ਸਿੰਘ ,ਖਜਾਨਚੀ ਹਰਜਿੰਦਰ ਸਿੰਘ ਸਹਾਇਕ ਖਜਾਨਚੀ ਸੁਰਿੰਦਰ ਸਿੰਘ,ਡਾਇਰੈਕਟਰ ਸ਼ਵਿੰਦਰ ਸਿੰਘ,ਪ੍ਰੀਤਮ ਸਿੰਘ,ਹਰਬੰਸ ਸਿੰਘ, ਰਘਬੀਰ ਸਿੰਘ, ਹਰਜਿੰਦਰਪਾਲ ਸਿੰਘ,ਸੁਰਿੰਦਰ ਸਿੰਘ,ਬਲਜਿੰਦਰ ਸਿੰਘ,ਗਿਆਨ ਸਿੰਘ ਚੁਣੇ ਗਏ ਹਨ ।ਸਤੰਬਰ ਮਹੀਨੇ ਵਿੱਚ ਜਨਮੇ ਮੈਂਬਰਾਂ ਦਾ ਜਨਮਦਿਨ ਮਨਾਇਆ ਗਿਆ ਤੋਹਫੇ ਦਿੱਤੇ ਗਏ। ਉਪਰੰਤ ਚਰਨਦੀਪ ਕੌਰ,ਗਿੱਲ ਸੁਖਮੰਦਰ,ਤਾਰਿਕ ਮਲਕ ਮੋਹਣ ਸਿੰਘ ਪਪਰਾਲਾ ਦਲਜੀਤ ਕੌਰ,ਸ਼ਿਵ ਕੁਮਾਰ ਸ਼ਰਮਾ,ਭਗਤ ਸਿੰਘ ਅਟਵਾਲ,ਸਿਮਰਨ ਇੰਦਰਜੀਤ ਧਾਲੀਵਾਲ,ਵਿਜੇ ਸਚਦੇਵਾ ਅਤੇ ਰਿਸ਼ੀ ਨਾਗਰ ਨੇ ਗੀਤ ਕਵਿਤਾਵਾਂ ਚੁਟਕਲੇ ਸੁਣਾ ਕੇ ਮਨੋਰੰਜਨ ਦੇ ਨਾਲ ਨਾਲ ਹੋਰ ਬਹੁਤ ਜਾਣਕਾਰੀ ਮੁਹੱਈਆ ਕਰਵਾਈ । ਅੰਤ ਵਿੱਚ ਪ੍ਰਧਾਨ ਕਰਮ ਸਿੰਘ ਭੁੱਲਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਬਜੁਰਗ ਮੈਂਬਰਾਂ ਦੇ ਜਨਮ ਦਿਨ ਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੋਂਟੇਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਮੋਂਟੇਰੀ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੀ ਸਤੰਬਰ ਮਹੀਨੇ ਦੀ ਮਾਸਿਕ ਇਕੱਤਰਤਾ ਬੀਤੇ 25 ਸਤੰਬਰ ਨੂੰ ਮੋਂਟੇਰੀ ਪਾਰਕ ਹਾਲ ਵਿੱਚ ਹੋਈ । ਜਿਸ ਵਿੱਚ 85 ਦੇ ਕਰੀਬ ਸੀਨੀਅਰ ਮੈਂਬਰਾਂ ਸ਼ਿਰਕਤ ਕੀਤੀ ਅਤੇ ਦੁਪਹਿਰ ਇੱਕ ਵਜੇ ਸ਼ੁਰੂ ਹੋਏ ਪ੍ਰੋਗਰਾਮ ਸਭ ਤੋਂ ਪਹਿਲਾਂ ਖਾਣਾ ਪਰੋਸਿਆ ਗਿਆ। ਸ਼ੁਰੂਆਤ ਵਿੱਚ ਸਦੀਵੀ ਵਿਛੋੜਾ ਦੇ ਗਏ ਐਸੋਸੀਏਸ਼ਨ ਦੇ ਫਾਊਂਡਰ ਮੈਂਬਰਾਂ ਚੋ ਇੱਕ ਸਰਦਾਰ ਮਹਿੰਦਰ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ । ਐਸੋਸੀਏਸ਼ਨ ਦੇ 8 ਸੀਨੀਅਰ ਮੈਂਬਰਾਂ ਦੇ ਜਨਮ ਦਿਨ ਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਪ੍ਰਵੇਸ਼ ਪ੍ਰਹਾਰ ਨੇ ਮੰਚ ਸੰਚਾਲਨ ਦੀ ਡਿਊਟੀ ਬਾਖੂਬੀ ਨਿਭਾਈ। ਸ਼ੁਰੂਆਤ ਵਿੱਚ ਸੁਖਮਿੰਦਰ ਗਿੱਲ ਨੇ ਆਪਣੀਆ ਗ਼ਜ਼ਲਾਂ ਅਤੇ ਕਵਿਤਾਵਾਂ ਨੂੰ ਤਰੰਨੁਮ ਵਿੱਚ ਗਾ ਕੇ ਸਾਰੇ ਮਾਹੌਲ ਨੂੰ ਹੀ ਸੰਗੀਤਮਈ ਬਣਾ ਦਿੱਤਾ । ਉਸ ਤੋਂ ਬਾਅਦ ਮਾਸਟਰ ਬਚਿੱਤਰ ਸਿੰਘ ਨੇ ਆਪਣੀ ਕਵੀਸ਼ਰੀ ਨਾਲ ਰੰਗ ਬੰਨਿਆ ਤੇ ਸੁਖਮਿੰਦਰ ਗਿੱਲ ਨੂੰ ਨਿਹੋਰਾ ਮਾਰਿਆ ਕਿ ਤੈਨੂੰ ਤਾਂ ਇਹ ਹਾਰਮੋਨੀਅਮ ਦਮ ਦੁਆ ਦਿੰਦਾ ਹੈ ਪਰ ਕਵੀਸ਼ਰੀ ਵਿੱਚ ਮੈਨੂੰ ਸਾਹ ਦੁਆਉਣ ਵਾਲਾ ਕੋਈ ਨਹੀਂ ਹੈ। ਇਸ ਤੋਂ ਬਾਅਦ ਸਨੀ ਸਵੈਚ ਨੇ ਆਪਣੇ ਵਿਚਾਰ ਮੈਂਬਰਾਂ ਨਾਲ ਸਾਂਝੇ ਕੀਤੇ ਅਤੇ ਅਖੀਰ ਵਿੱਚ ਲਲਿਤਾ ਸਿੰਘ ਨੇ ਅਲਬਰਟਾ ਵਿੱਚ ਹੋ ਰਹੇ ਰੈਫਰੈਂਡਮ ਬਾਰੇ ਸਾਰੇ ਮੈਂਬਰਾਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਕਿ ਕੈਨੇਡਾ ਵਿੱਚ ਰਹਿਣ ਲਈ ਵੋਟ ਕਿਸ ਤਰ੍ਹਾਂ ਕਰਨੀ ਹੈ । ਪ੍ਰੋਗਰਾਮ ਦੀ ਸਮਾਪਤੀ ਕਰਦਿਆਂ "ਚਾਹ ਤੇ ਬਦਾਣੇ" ਦੀ ਹਾਜਿਰੀ ਕਬੂਲ ਕੀਤੀ ਗਈ।

# ਪਰਗਟ ਸਿੰਘ ਦੀ ਪ੍ਰਧਾਨਗੀ ਨਾਲ ਪੰਜਾਬ ਕਾਂਗਰਸ ਦਾ 'ਸਿਆਸੀ ਧੁਰਾ' ਬਣਿਆ ਦੋਆਬਾ



ਜਲੰਧਰ- ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (PPCC) ਦਾ ਨਵਾਂ ਪ੍ਰਧਾਨ ਬਣਾਏ ਜਾਣ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬਾ ਕਾਂਗਰਸ ਦਾ ਸਿਆਸੀ ਧੁਰਾ ਹੁਣ ਦੋਆਬਾ ਖੇਤਰ ਵੱਲ ਖਿਸਕ ਗਿਆ ਹੈ।ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਅਸਤੀਫ਼ੇ ਤੋਂ ਬਾਅਦ ਪਰਗਟ ਸਿੰਘ ਦੀ ਇਹ ਨਿਯੁਕਤੀ ਸਿਰਫ਼ ਇਸ ਲਈ ਅਹਿਮ ਨਹੀਂ ਹੈ ਕਿ ਨਵਾਂ ਪ੍ਰਧਾਨ ਜਲੰਧਰ ਤੋਂ ਹੈ, ਸਗੋਂ ਇਸ ਲਈ ਵੀ ਖ਼ਾਸ ਹੈ ਕਿਉਂਕਿ ਪਾਰਟੀ ਦੇ ਕਈ ਪ੍ਰਭਾਵਸ਼ਾਲੀ ਆਗੂ ਦੋਆਬੇ ਨਾਲ ਸਬੰਧਤ ਹਨ। ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਸ਼ਾਹਕੋਟ ਤੋਂ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਰਗੇ ਆਗੂ ਰਾਜਾ ਵੜਿੰਗ ਨੂੰ ਪ੍ਰਧਾਨਗੀ ਤੋਂ ਹਟਾਉਣ ਲਈ ਲਗਾਤਾਰ ਮੁਹਿੰਮ ਚਲਾ ਰਹੇ ਸਨ।ਦੋਆਬਾ ਖੇਤਰ ਲਈ 16 ਸਾਲਾਂ ਬਾਅਦ ਇਹ ਮੌਕਾ ਆਇਆ ਹੈ, ਜਦੋਂ ਪ੍ਰਦੇਸ਼ ਕਾਂਗਰਸ ਦੀ ਕਮਾਨ ਇਸ ਖੇਤਰ ਦੇ ਹੱਥ ਆਈ ਹੈ। ਇਸ ਤੋਂ ਪਹਿਲਾਂ ਮਹਿੰਦਰ ਸਿੰਘ ਕੇਪੀ (ਜੋ ਹੁਣ ਅਕਾਲੀ ਦਲ ਵਿੱਚ ਹਨ) ਦੇ ਕਾਰਜਕਾਲ ਤੋਂ ਬਾਅਦ ਕਿਸੇ ਦੋਆਬੀਆ ਨੇਤਾ ਨੂੰ ਇਹ ਅਹੁਦਾ ਨਹੀਂ ਸੀ ਮਿਲਿਆ। ਪਰਗਟ ਸਿੰਘ ਦੀ ਨਿਯੁਕਤੀ ਤੋਂ ਬਾਅਦ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਕੋਟਲੀ ਅਤੇ ਯੂਥ ਕਾਂਗਰਸ ਜਲੰਧਰ ਦੇ ਪ੍ਰਧਾਨ ਅੰਗਦ ਦੱਤਾ ਉਨ੍ਹਾਂ ਨਾਲ ਦਿੱਲੀ ਵਿੱਚ ਪਾਰਟੀ ਦੇ ਉੱਚ ਆਗੂਆਂ ਨਾਲ ਮੁਲਾਕਾਤਾਂ ਕਰ ਰਹੇ ਹਨ।

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀਆਂ ਮੈਂਬਰ ਔਰਤਾਂ ਲੇਕ ਕਿਨਾਰੇ ਘੁੰਮਣ ਆਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਵੱਲੋਂ ਬੀਤੇ ਦਿਨੀ ਨੂੰ ਚੈਸਟਰਮੇਅਰ ਵਿਖੇ ਪਿਕਨਿਕ ਮਨਾਈ ਗਈ। ਸਭਾ ਦੇ ਪ੍ਰਧਾਨ ਮੈਡਮ ਬਲਵਿੰਦਰ ਕੌਰ ਅਤੇ ਕੋਆਰਡੀਨੇਟਰ ਸ੍ਰੀ ਮਤੀ ਗੁਰਚਰਨ ਕੌਰ ਥਿੰਦ ਦੀ ਅਗਵਾਈ ਹੇਠ ਦੋ ਬੱਸਾਂ ਤੇ ਸਵਾਰ ਹੋ ਕੇ ਗਿਆਰਾਂ ਵਜੇ ਦੇ ਕਰੀਬ ਭੈਣਾਂ ਲੇਕ ਤੇ ਪਹੁੰਚ ਗਈਆਂ। ਚੈਸਟਰਮੇਅਰ ਰਹਿੰਦੀਆਂ ਸਭਾ ਦੀਆਂ ਮੈਂਬਰ ਅਤੇ ਖਾਸ ਤੌਰ ਤੇ ਕਿਰਨ ਕਲਸੀ ਜੀ ਨੇ ਟੈਂਟ ਅਤੇ ਕੁਰਸੀਆਂ ਦਾ ਇੰਤਜ਼ਾਮ ਕਰਕੇ ਪਿਕਨਿਕ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਬਲਵਿੰਦਰ ਕੌਰ ਬਰਾੜ ਜੀ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਕਹਿੰਦਿਆਂ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਬਾਰੇ ਸੁਚੇਤ ਕੀਤਾ। ਗੁਰਚਰਨ ਕੌਰ ਥਿੰਦ ਨੇ ਆਖਿਆ ਕਿ ਸਾਡੀ ਸਭਾ ਦਾ ਅਸਲੀ ਮਕਸਦ ਸਿਰਫ ਨੱਚਣਾ ਗਾਉਣਾ ਹੀ ਨਹੀਂ ਸਗੋਂ ਸਾਡੇ ਉਦੇਸ਼ ਬਹੁਤ ਉੱਚੇ ਹਨ। ਆਪਣੀ ਸਪੀਚ ਵਿੱਚ ਉਹਨਾਂ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਭੈਣਾਂ ਨੂੰ ਜਾਗਰੂਕ ਕੀਤਾ ਕਿ ਤੁਹਾਡੇ ਨਾਲ ਕੋਈ ਵੀ ਵਿਅਕਤੀ ਲੁੱਟ ਖੋਹ ਜਾਂ ਧੋਖਾ ਧੜੀ ਕਰਨ ਦੀ ਕੋਸ਼ਿਸ਼ ਕਰੇ ਤਾਂ ਚੁੱਪ ਕਰਕੇ ਨਹੀਂ ਬੈਠ ਜਾਣਾ ਸਗੋਂ ਉਸ ਦੀ ਸ਼ਿਕਾਇਤ ਪੁਲਿਸ ਨੂੰ ਜ਼ਰੂਰ ਕਰਨੀ ਹੈ ਤਾਂ ਕਿ ਕ੍ਰਾਈਮ ਨੂੰ ਰੋਕਿਆ ਜਾ ਸਕੇ। 25 ਅਕਤੂਬਰ ਨੂੰ ਟੈਂਪਲ ਕਮਿਊਨਿਟੀ ਹਾਲ ਵਿਖੇ ਹੋਣ ਵਾਲੇ ਸਾਲਾਨਾ ਸਮਾਰੋਹ *'ਲੋਕ ਕੀ ਕਹਿਣਗੇ? '* ਬਾਰੇ ਵਿਸਤਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ । ਗੁਰਮੀਤ ਕੌਰ,ਐਵਲੀਨ ਕੌਰ,ਸੁਪ੍ਰੀਤ ਸੰਧੂ ਨੇ ਬਜ਼ੁਰਗ ਔਰਤਾਂ ਨੂੰ ਅਲਬਰਟਾ ਹੈਲਥ ਕੇਅਰ ਵੱਲੋਂ ਮੁਹਈਆ ਹੋਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਸ੍ਰ: ਪਰਮੀਤ ਸਿੰਘ ਬੋਪਾਰਾਏ ਐਮ ਐਲ ਏ ਨੇ ਹਾਜ਼ਰੀ ਭਰੀ ਅਤੇ ਭੈਣਾਂ ਨੂੰ 19 ਅਕਤੂਬਰ ਨੂੰ ਹੋਣ ਵਾਲੇ ਰੈਫਰੈਂਡਮ ਬਾਰੇ ਜਾਣਕਾਰੀ ਦਿੱਤੀ । ਚੈਸਟ ਮੇਅਰ ਦੇ ਕਾਉਂਸਲਰ ਕਿਰਨ ਰੰਧਾਵਾ ਨੇ ਵੀ ਖਾਸ ਤੌਰ ਤੇ ਹਾਜ਼ਰੀ ਭਰੀ । ਚੈਸਟਰ ਮੇਅਰ ਦੀਆਂ ਭੈਣਾਂ ਵੱਲੋਂ ਬਹੁਤ ਹੀ ਸੁਆਦਲੇ ਖਾਣਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਐਵਲੀਨ ਕੌਰ,ਬਲਵੀਰ ਕੌਰ,ਸੁਰਿੰਦਰ ਕੈਂਥ ਅਤੇ ਹੋਰ ਸਭ ਭੈਣਾਂ ਨੇ ਰਲ ਕੇ ਲੋਕ ਗੀਤ ਗਾਏ । ਵਿਦਾਇਗੀ ਲੈਣ ਤੋਂ ਪਹਿਲਾਂ ਭੈਣਾਂ ਨੇ ਪਿਕਨਿਕ ਵਾਲੀ ਜਗ੍ਹਾ ਦੀ ਚੰਗੀ ਤਰ੍ਹਾਂ ਸਾਫ ਸਫਾਈ ਵੀ ਕੀਤੀ।



# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਅਤੇ ਭੈਣ ਕੈਨੇਡਾ ਵਿੱਚ ਹੀ ਪੱਕੇ ਤੌਰ 'ਤੇ ਸੈਟਲ ਆਪੋ ਆਪਣੇ ਘਰਾਂ ਦੇ ਮਾਲਕ ਹਨ। ਸੰਪਰਕ :1 587 897 2737 ਜਾਂ 1 403 925 0642 ***306***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ (ਸੱਗੂ/ਮਠਾੜੂ) ਪਰਿਵਾਰ ਦੇ ਲੜਕੇ ਜਨਮ 1998,ਕੱਦ 5 ਫੁੱਟ 10 ਇੰਚ,ਐਜੂਕੇਸ਼ਨ: ਬੈਚੂਲਰ ਆਫ ਆਰਟਸ, ਫਰੇਮਿੰਗ ਦਾ ਬਿਜਨਿਸ ਕਰਦੇ ਲਈ,ਹਾਣ ਪਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 437 9484 ਜਾਂ 403 361 1790 ***306***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***302***1

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸ਼ੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***305***3***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉਪਰ ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 2002,ਕੱਦ 5 ਫੁੱਟ 11 ਇੰਚ, ਬਿਜ਼ਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਮਾਲਵਾ ਖੇਤਰ ਨੂੰ ਪਹਿਲ । ਸੰਪਰਕ:+1 (639) 916-1637 ***305***3***

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***305***3***

### ਲੜਕੀ ਦੀ ਲੋੜ

ਪੰਜਾਬ (ਫਗਵਾੜਾ) ਰਹਿੰਦੇ ਬੰਗੜ ਪਰਿਵਾਰ ਦੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 8 ਇੰਚ,ਬੀ ਟੈਕ ਕੰਪਿਊਟਰ ਇੰਜੀਨੀਅਰ ਆਈ ਟੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਪਿਤਾ ਕਲਾਸ 1 ਅਫ਼ਸਰ ਰਿਟਾਇਰ ਹੋਇਆ ਹੈ ਅਤੇ ਭੈਣ ਡਾਕਟਰ ਹੈ । ਸੰਪਰਕ:91 9814712244 ***305***3***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਖੰਨਾ ਇਲਾਕੇ ਨਾਲ ਸਬੰਧਿਤ ਐਡਮਿੰਟਨ ਵਿਖੇ ਘਰਾਂ ਦੀ ਫਰੇਮਿੰਗ ਦਾ ਆਪਣਾ ਕਾਰੋਬਾਰ ਕਰਦੇ, ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ,ਜਨਮ 2001, ਕੱਦ 6 ਫੁੱਟ,ਪਲੱਸ 2 ਨਾਨ ਮੈਡੀਕਲ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਮਕਾਨ ਹੈ। ਸੰਪਰਕ: Email- sahibmann076@gmail.com ***304***3

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਟੋਇਟਾ ਆਟੋਮੋਬਾਈਲ ਵਿਖੇ ਬਾਡੀ ਸ਼ਾਪ ਐਡਵਾਈਜਰ ਦੀ ਚੰਗੀ ਨੌਕਰੀ ਕਰਦੇ ਲੜਕੇ ਜਨਮ 1992,ਕੱਦ 5 ਫੁੱਟ 10 ਇੰਚ, ਮਕੈਨੀਕਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਧਵਾ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਿਤਾ ਸਰਕਾਰੀ ਜੌਬ ਤੋਂ ਰਿਟਾਇਰਡ ਅਤੇ ਭਰਾ ਯੂਕੇ ਵਿੱਚ ਪੱਕੇ ਤੌਰ ਤੇ ਰਹਿ ਰਿਹਾ ਹੈ। ਸੰਪਰਕ: 91 7009758858 ***304***3

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਸਰਦਾਰ ਲੜਕਾ ਜਨਮ 1985,ਕੱਦ 6 ਫੁੱਟ,ਤਲਾਕ ਸ਼ੁਦਾ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵੈਲ ਸੈਟਲ ਲੜਕੇ ਕੋਲ ਆਪਣਾ ਘਰ ਹੈ। ਵਰਕ ਪਰਮਿਟ ਜਾਂ ਵਿਸਟਰ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ:1587 891 3187 ਜਾਂ 1778 388 8279 ***302***3***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਲੜਕੀ ਜਨਮ 1998, ਕੱਦ 5 ਫੁੱਟ 3 ਇੰਚ, ਕੈਲਗਰੀ ਵਿੱਚ ਸੀ ਪੀ ਏ ਕਰ ਰਹੀ ਲਈ ਬਰਾਬਰ ਦੀ ਯੋਗਤਾ ਵਾਲੇ ਕੈਨੇਡੀਅਨ ਵੈਸ਼ਨੂੰ 10 ਕਿੱਲੇ ਤੋਂ ਉਪਰ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਸਿਰਫ ਜ਼ਿਲਾ ਲੁਧਿਆਣਾ ਜਾਂ ਅਲਬਰਟਾ ਵਾਲੇ ਸੰਪਰਕ ਕਰਨ।ਕਾਲ: 1 403 903 4592***302***3***

### ਲੜਕੀ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੇ ਰੋਪੜ ਜਿਲ੍ਹੇ ਨਾਲ ਸਬੰਧਿਤ,7 ਏਕੜ ਜਮੀਨ ਦੇ ਮਾਲਕ,ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਨਸ਼ਾ ਰਹਿਤ ਲੜਕੇ, ਜਨਮ 1995, ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਬੀ ਟੈੱਕ ਈ ਸੀ ਈ,ਪਰੋਜੈਕਟ ਮੈਨੇਜਮੈਂਟ ਐਂਡ ਸਪਲਾਈ ਚੇਨ ਮੈਨੇਜਮੈਂਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਨੇਡਾ ਪੱਕੇ ਤੌਰ ਤੇ ਸੈਟਲ ਹੈ। ਮਾਤਾ ਪਿਤਾ ਕੋਲ ਵਿਜਟਿਰ ਵੀਜ਼ਾ ਹੈ। ਸੰਪਰਕ: 403 472 1361 **301*3**

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 9 ਇੰਚ,ਆਈ ਟੀ ਵੈਲਡਰ,ਆਈ ਟੀ ਪਲੰਬਰ,ਸਿਵਲ ਇੰਜੀਨੀਅਰ ਡਿਪਲੋਮਾ ਹੋਲਡਰ,ਹੁਣ ਡਰਾਇਵਾਲ ਦਾ ਕੰਮ ਕਰਦੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲਇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1403 477 5707 ਜਾਂ 1778 522 3061 ***301***3

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ (ਮੁੰਡੇ) ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1996, ਕੱਦ 5 ਫੁੱਟ 3 ਇੰਚ, ਪੜਾਈ ਲਿਖਾਈ: Bachelor of Commerce Honor's in Accounting and Finance. Currently Pursuing accounting designation (CPA),ਸੀਨੀਅਰ ਅਕਾਊਂਟੈਂਟ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਇੱਕ ਭਰਾ ਹੈ ਜੋ ਵਿਆਹਿਆ ਹੋਇਆ ਹੈ। ਸੰਪਰਕ: 1 (403) 880-4806 ***301***3

### ਲੜਕੀਆਂ ਦੀ ਲੋੜ

ਪੰਜਾਬ ਦੇ ਜੰਮਪਲ,ਜੱਟ ਸਿੱਖ ਬੰਦੇਸ਼ਾ ਪਰਿਵਾਰ ਦੇ ਲੜਕੇ ਜਨਮ 1996, ਪੜਾਈ ਲਿਖਾਈ: ਬੀ ਟੈੱਕ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਪਰੋਜੈਕਟ ਮੈਨੇਜਮੈਂਟ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇਸੇ ਹੀ ਪਰਿਵਾਰ ਦੇ ਪੰਜਾਬ ਰਹਿੰਦੇ ਦੂਜੇ ਲੜਕੇ, ਜਨਮ 1994 ਪੜਾਈ ਲਿਖਾਈ ਐਮ ਏ ਇੰਗਲਿਸ਼, ਸਹਾਇਕ ਰਜਿਸਟਰਾਰ ਦੀ ਸਰਕਾਰੀ ਨੌਕਰੀ ਕਰਦੇ ਲਈ ਵੀ ਹਾਣ ਪ੍ਰਵਾਣ ਦੀ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 680 0132 ਜਾਂ ਇੰਡੀਆ ਵਟਸਐਪ: 91 94638 54302 ***301***3

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਾਮਗੜ੍ਹੀਆ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ,ਆਟੋਮੋਬਾਈਲ ਡਿਪਲੋਮਾ ਹੋਲਡਰ ਹੁਣ ਕਾਰ ਮਕੈਨਿਕ ਦੀ ਜੌਬ ਕਰਦੇ ਲਈ ਕੈਨੇਡੀਅਨ ਪੀ ਆਰ,ਸਿਟੀਜ਼ਨ ,ਓਪਨ ਵਰਕਪਰਮਿਟ ਜਾਂ ਸਟੱਡੀ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1587 581 1371 ***301***3

### ਲੜਕੀ ਦੀ ਲੋੜ

ਕੈਨੇਡਾ ਵਿਜਟਿਰ ਵੀਜ਼ੇ ਉੱਪਰ ਆਏ ਮੋਗਾ ਏਰੀਆ ਨਾਲ ਸਬੰਧਿਤ, ਜੱਟ ਸਿੱਖ ਸੰਧੂ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ,ਪੜਾਈ: +2, ਪਿੰਡ ਵਿੱਚ 4 ਕਿੱਲੇ ਜਮੀਨ ਅਤੇ ਵੱਡ ਅਕਾਰੀ ਕੋਠੀ ਦੇ ਮਾਲਕ ਲਈ ਕਨੇਡੀਅਨ ਸਿਟੀਜਨ, ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦੇ ਭੈਣ ਭਰਾ ਕੈਨੇਡਾ ਸੈਟਲ ਹਨ। ਮਾਤਾ ਪਿਤਾ ਕੋਲ ਕੈਨੇਡਾ ਦਾ ਵੀਜ਼ਾ ਹੈ । ਮੈਰਿਜ ਬਿਊਰੋ ਸੰਪਰਕ ਨਾ ਕਰਨ। ਕਾਲ: 403 690 7532 ***301***3

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

### ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***306***rana*

### ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***306**k**

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 306*Roop**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***315 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡੀਅਨ ਬੋਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜ਼ਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

**Need Office Administrator**

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**

**@403-975-0128**

## ਅਜ਼ਾਦੀ ਦੇ ਦੋ ਮਹਾਨ ਪ੍ਰਵਾਨਿਆਂ ਨੂੰ ਯਾਦ ਕੀਤਾ ਗਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ 3 ਅਕਤੂਬਰ, 2026 ਦੀ ਮੀਟਿੰਗ ਭਗਤ ਸਿੰਘ ਅਤੇ ਮਹਾਤਮਾ ਗਾਂਧੀ ਦੇ ਜਨਮ ਦਿਨ ਨੂੰ ਸਮਰਪਤ ਕੀਤੀ ਗਈ। ਮੀਟਿੰਗ ਵਿੱਚ 'ਭਗਤ ਸਿੰਘ ਦੀ ਕ੍ਰਾਂਤੀਕਾਰੀ




ਅਤੇ ਮਹਾਤਮਾ ਗਾਂਧੀ ਦੀ ਅਹਿੰਸਾਵਾਦੀ ਵਿਚਾਰਧਾਰਾ ਦਾ ਅਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ' ਸਬੰਧੀ ਡੂੰਘੀ ਤੇ ਵਿਸਥਾਰਤ ਵਿਚਾਰ ਚਰਚਾ ਕੀਤੀ ਗਈ। ਸਕੱਤਰ ਗੁਰਚਰਨ ਕੌਰ ਥਿੰਦ ਨੇ ਦੋਹਾਂ ਧਿਰਾਂ ਦੀ ਦੇਸ਼ ਭਗਤੀ ਅਤੇ ਦੇਸ਼ ਨੂੰ ਗੁਲਾਮੀ ਦੇ ਪੰਜਿਆਂ ਤੋਂ ਮੁਕਤ ਕਰਾਉਣ ਦੀ ਤੀਬਰ ਭਾਵਨਾ ਨੂੰ ਨੇਪਰੇ ਚੜ੍ਹਾਉਣ ਲਈ ਕੀਤੀ ਗਈ ਜਦੋਜਹਿਦ ਨੂੰ ਇੱਕ ਦੂਜੇ ਦਾ ਪੂਰਕ ਦਰਸਾਇਆ। ਉਪਰੰਤ ਸੁਰਿੰਦਰ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਥਿੰਦ, ਪਰਮਜੀਤ ਸਿੰਘ ਭੰਗੂ, ਦਰਸ਼ਨ ਸਿੰਘ, ਜੀਰ ਸਿੰਘ ਬਰਾੜ ਤੇ ਗੁਰਮੀਤ ਤੰਬੜ ਹੁਰਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਇਸ ਵਿਸ਼ੇ ਨੂੰ ਪੜਚੋਲਦਿਆਂ ਇਸ ਵਿਚਾਰ-ਚਰਚਾ ਵਿੱਚ ਭਰਵਾਂ ਹਿੱਸਾ ਪਾਇਆ। ਮੀਟਿੰਗ ਵਿੱਚ ਪਹਿਲੀ ਵਾਰ ਹਾਜ਼ਰ ਹੋਏ ਬਲਜੀਤ ਸਿੰਘ ਬੁੱਟਰ, ਜਿਨ੍ਹਾਂ ਦਾ ਪੱਤਰਕਾਰੀ ਦਾ ਪਿਛੋਕੜ ਪੰਜਾਬ ਦੀ ਅਜੀਤ ਤੇ ਪੰਜਾਬੀ ਟ੍ਰਿਬਿਊਨ ਨਾਲ ਰਿਹਾ ਹੈ, ਨੇ ਕਿਹਾ ਕਿ ਪੱਤਰਕਾਰੀ ਦਾ ਆਸ਼ਾ ਕੌਮ ਦੇ ਭਾਸ਼ਾਈ ਤੇ ਲੋਕ ਧਰਾਈ ਖਿੱਤੇ ਨੂੰ ਨਿਰਧਾਰਤ ਕਰਨਾ ਅਤੇ ਪ੍ਰਗਤੀਵਾਦੀ ਸਾਹਿਤ ਨਾਲ ਜੋੜਨਾ ਹੈ। ਉਨ੍ਹਾਂ ਨੇ ਭਗਤ ਸਿੰਘ ਦੇ ਆਪਣੇ ਪੱਤਰਕਾਰੀ ਦੇ ਕਾਰਜਾਂ ਰਾਹੀਂ ਲੋਕ ਜਾਗਰਣ ਲਈ ਕੀਤੇ ਹਾਂ-ਪੱਖੀ ਕਾਰਜ ਦਾ ਵਰਨਣ ਕੀਤਾ।ਸੁਖਮੰਦਰ ਸਿੰਘ ਗਿੱਲ, ਮਨਿੰਦਰ ਕੌਰ, ਚਰਨਦੀਪ ਕੌਰ, ਸਰਬਜੀਤ ਉੱਪਲ, ਗੁਰਚਰਨ ਸਿੰਘ ਹੇਹਰ, ਰਮਨ ਗਿੱਲ, ਗੁਰਦੀਪ ਧਾਰੀਵਾਲ ਤੇ ਮੋਹਨ ਸਿੰਘ ਪਧਰਾਲਾ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ। ਪ੍ਰਧਾਨ ਜਸਵੀਰ ਸਿਹੋਤਾ ਨੇ 'ਟਰੁੱਥ ਤੇ ਰੀਕੌਂਸੀਲੇਸ਼ਨ ਦਿਵਸ' ਸਬੰਧੀ ਜਾਣਕਾਰੀ ਸਾਂਝੀ ਕਰਦੇ ਮੂਲ ਵਾਸੀਆਂ ਨਾਲ ਰੈਜ਼ੀਡੈਂਸ਼ਲ ਸਕੂਲਾਂ ਵਿੱਚ ਹੋਈਆਂ ਵਧੀਕੀਆਂ ਦਾ ਮਾਰਮਿਕ ਜ਼ਿਕਰ ਕੀਤਾ। ਸਭਾ ਦੇ ਦੋ ਸਾਲ ਦੇ ਕਾਰਜ ਪੂਰਾ ਹੋ ਜਾਣ ਤੇ ਚੁਣੀ ਗਈ ਅਗਲੇਰੀ ਕਾਰਜ-ਕਮੇਟੀ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਵਾਰ ਦੀ ਕਮੇਟੀ ਵਿੱਚ ਚਰਨਦੀਪ ਕੌਰ ਨੂੰ ਐਸੋਸੀਏਟ ਸਕੱਤਰ ਅਤੇ ਮਨਿੰਦਰ ਕੌਰ ਨੂੰ ਫੂਡ ਕਮੇਟੀ ਦੇ ਇੰਚਾਰਜ ਵੱਜੋਂ ਸ਼ਾਮਿਲ ਕੀਤਾ ਗਿਆ ਹੈ। ਬਲਜੀਤ ਸਿੰਘ ਬੁੱਟਰ ਹਰਾਂ ਦੀ ਅੱਜ ਦੀ ਸਮੁੱਚੀ ਕਾਰਵਾਈ ਦੀ ਸਾਰਥਿਕ ਪੜਚੋਲ ਉਪਰੰਤ ਮੀਟਿੰਗ ਦੀ ਸਮਾਪਤੀ ਹੋ ਗਈ।

# ਕਲਮੀ ਸੱਥ

## ਕੈਨੇਡਾ ਕਿਸੇ ਤੋਂ ਘੱਟ ਨਹੀਂ

ਗਵਾਂਢੀ ਹੋ ਕੇ ਮਿੱਤਰ ਹੋ ਕੇ,
ਵਿਚਾਰ ਅੱਜ ਤੂੰ ਅਪਣੇ ਬਦਲ ਲਏ।
ਹੰਕਾਰ ਵਿੱਚ ਆ ਕੇ ਚਾਲ ਤੂੰ ਬਦਲੀ,
ਅਰਮਾਨ ਤੂੰ ਆਪਣੇ ਬਦਲ ਲਏ।
ਕਮਜੋਰ ਨਾ ਸਮਝੀ ਕੈਨੇਡਾ ਨੂੰ ਕਿਤੇ,
ਇਸ ਦੀ ਤਾਕਤ ਕਿਸੇ ਤੋਂ ਘੱਟ ਨਹੀਂ।
ਦੇਸ਼ ਹੋਣਗੇ ਹੋਰ ਵੀ ਤਾਕਤਵਰ ਸੁਹਣੇ,
ਪਰ ਕੈਨੇਡਾ ਕਿਸੇ ਤੋਂ ਘੱਟ ਨਹੀਂ।
ਇਤਿਹਾਸ ਦੇ ਪੰਨੇ ਫਰੋਲ ਕੇ ਵੇਖ ਲੈ,
ਉਡ ਜਾਣਗੇ ਹੋਸ਼ ਸਾਰੇ ਤੇਰੇ ।
ਦੋ ਵਾਰ ਸਿਕਸ਼ਤ ਤੂੰ ਖਾਧੀ,
ਨਾ ਹੋਰ ਛੇੜ ਤੂੰ ਨਖਰੇ ਝੇੜੇ ।
ਜਿਸ ਦੇਸ਼ ਦਾ ਅੰਨ ਖਾਈਏ,
ਉਸ ਦੇਸ਼ ਦੇ ਹੋ ਕੇ ਰਹੀਏ।
ਲੂਣ ਖਾ ਕੇ ਹਰਾਮ ਨਾ ਕਰੀਏ।
ਜਾਨ ਦੇਣ ਲਈ ਤਿਆਰ ਸਦਾ ਰਹੀਏ।
ਕੁਰਬਾਨੀ ਦੇਣ ਲਈ ਤਿਆਰ ਹਨ ਯੋਧੇ,
ਮੱਥੇ ਪਾਉਂਦੇ ਵੱਟ ਨਹੀਂ।
ਦੇਸ਼ ਹੋਣਗੇ ਤਾਕਤਵਰ ਹੋਰ ਵੀ ਸੁਹਣੇ,
ਪਰ ਕੈਨੇਡਾ ਕਿਸੇ ਤੋਂ ਘੱਟ ਨਹੀਂ।

ਵੱਡੇ ਵੱਡੇ ਤੂੰ ਟੈਰਿਫ ਲਗਾਉਂਦਾ,
ਕਦੀ ਤੂੰ ਝੀਲ ਦਾ ਨਾਮ ਬਲਾਂਉਦਾ।
ਰਾਤ ਨੂੰ ਸੁੱਤਾ ਉਠ ਉਠ ਕੇ ਤੂੰ,
ਮਨ ਵਿੱਚ ਨਕਸ਼ੇ ਬਦਲਾਂਉਦਾ।
ਬਹਾਦਰ ਕੈਨੇਡੀਅਨ ਮਹਿਲਾਵਾਂ ਨੂੰ,
ਕਲਪਨਾਤਿਮਕ ਨੀਵਾਂ ਵਿਖਾਉਦਾ।
ਸਭਿਅਤ ਕਹਾਉਣ ਵਾਲਿਆ,
ਅਸਭਿਅਤ ਬਣ ਬਣ ਆਪ ਖਲੋਂਦਾ।
ਡਾਲਰ ਵੱਟੇ ਡਾਲਰ ਲੱਗੂ,
ਕਰਨਾ ਇਸ ਤੋਂ ਘੱਟ ਨਹੀਂ ।
ਦੇਸ਼ ਤਾਕਤਵਰ ਹੋਣਗੇ ਹੋਰ ਵਥੇਰੇ ,
ਪਰ ਕੈਨੇਡਾ ਕਿਸੇ ਤੋਂ ਘੱਟ ਨਹੀਂ।

ਮਹਿਲਾਂ ਕਿਸੇ ਦਿਆਂ ਨੂੰ ਕਈ ਕਰਨਾ,
ਕੁੱਲੀ ਆਪਣੀ ਵਿੱਚ ਸਦਾ ਅਨੰਦ ਹੈ ਹੁੰਦਾ।
ਕਾਰਾਂ ਕਿਸੇ ਦੀਆਂ ਨੂੰ ਕਈ ਕਰਨਾ,
ਸਾਈਕਲ ਆਪਣੇ ਤੇ ਹੀ ਸਦਾ ਮਾਣ ਹੈ ਹੁੰਦਾ।
ਅੱਣਖ ਨਾਲ ਜੋ ਲੜਦੇ ਯੋਧੇ,
ਲੱਖਾਂ ਨਾਲ ਇੱਕ ਇੱਕ ਲੜ ਜਾਂਦੇ।
ਕੌਮਾਂ ਆਪਣੇ ਪੈਰਾਂ ਤੇ ਜੋ ਰਹਿਣ ਖੜੀਆਂ
ਵੇਖ ਦੁਸ਼ਮਣ ਉਹਨਾਂ ਨੂੰ ਭੱਜ ਹਨ ਜਾਂਦੇ।

ਤੰਬੜ ਏਕੇ ਵਿੱਚ ਸਦਾ ਬੱਲ ਹੈ ਹੁੰਦਾ,
ਏਕਾ ਲੋਹੇ ਦੀ ਲੱਠ ਤੋਂ ਘੱਟ ਨਹੀਂ।
ਦੇਸ਼ ਹੋਣਗੇ ਹੋਰ ਵੀ ਤਾਕਤਵਰ ਸੁਹਣੇ,
ਪਰ ਕੈਨੇਡਾ ਕਿਸੇ ਤੋਂ ਘੱਟ ਨਹੀਂ।
ਪਰ ਕੈਨੇਡਾ ਕਿਸੇ ਤੋਂ ਘੱਟ ਨਹੀਂ।



**ਗੁਰਮੀਤ ਸਿੰਘ ਤੰਬੜ ਨੰਦਾਚੌਰ**
91 9814139065 ਅਤੇ +1 587- 437 2901

## ਕੁੜੀਆਂ

**ਪੰਜ ਕਵਿਤਾਵਾਂ**

ਕੁੜੀਆਂ ਚਿੜੀਆਂ ਕੀ ਨੀ ਅੰਮੀਏ ?
ਕੀ ਸੱਚੀ ਰੱਬ ਦਾ ਜੀਅ ਨੀ ਅੰਮੀਏ ?

ਨੰਗੀਆਂ ਵੀ ਤੇ ਕੁੜੀਆਂ ਈ ਨੇ
ਫਿਰ ਚੰਗੀਆਂ ਵੀ ਤੇ ਕੁੜੀਆਂ ਈ ਨੇ
ਤਵਾਇਫ਼ ਬਣ ਕੇ ਨੱਚ ਨੱਚ ਮਰੀਆਂ
ਫਿਰ ਕੰਜਕਾਂ ਵੀ ਤੇ ਕੁੜੀਆਂ ਈ ਨੇ ।

ਹਾਏ ਮਾਂ, ਮੈਂ ਕੀ ਕਹਿ ‘ਤਾ,
ਮਾਂਵਾਂ ਵੀ ਤਾਂ ਕੁੜੀਆਂ ਈ ਨੇ,
ਸੱਸ , ਨਨਾਣ,ਦਰਾਣੀ,ਜਠਾਣੀ
ਰਿਸ਼ਤੇ ਦੇ ਨਾਲ ਜੁੜੀਆਂ ਈ ਨੇ,
ਇੱਕ ਮਰਦ ਨਾਲ਼ ਦੋ ਨਿਭਾਵਣ
ਸੌਂਕਣਾਂ ਵੀ ਤਾਂ ਕੁੜੀਆਂ ਈ ਨੇ।

ਚੱਲ ਫੇਰ ਕੀ ਹੋਇਆ
ਤਾਰੀਖ਼ ਦੀ ਨੀਂਹ ਵਿੱਚ
ਚਿਣੀਆਂ ਵੀ ਤੇ ਕੁੜੀਆਂ ਈ ਨੇ,
ਰੰਗ , ਰੂਪ ਦੀ ਦਾਦ ਨਾ ਕੋਈ
ਲੋੜ ਪਵੇ ਤੇ ਸਾਥ ਨਾ ਕੋਈ,
ਹੱਕ ਦੇ ਬਦਲੇ ਥੁੜੀਆਂ ਈ ਨੇ।

ਫਿਰ ਤੇ ਕੁੜੀਆਂ ਤੇ ਬਸ ਕੁੜੀਆਂ ਈ ਨੇ
ਲੜ ਗਈਆਂ ਤੇ ਬਾਜ ਕਹੋਂਗੇ
ਉੱਡ ਗਈਆਂ ਤੇ ਚਿੜੀਆਂ ਈ ਨੇ।

*************

ਕੁੜੀਆਂ ਨੇ ਪੁੱਛਦੀਆਂ ਮਾਏਂ
ਕੇਸਾਂ ਨੂੰ ਧੋਣ ਲਈ
ਚੌਂਕੇ ਵਿੱਚ ਬੈਠੀਆਂ ਮਾਏਂ
ਕਰਮਾਂ ਨੂੰ ਰੋਣ ਲਈ

ਬਾਬਲ ਨੇ ਦਿੱਤੇ ਫ਼ੈਸਲੇ
ਹਾਕਮ ਨਾਲ਼ ਤੋਰ ‘ਤਾ
ਬਾਬਲ ਦਾ ਸ਼ਮਲਾ ਉੱਚਾ
ਵੀਰੇ ਨੇ ਬੋਲ ‘ਤਾ
ਹੁਣ ਤਾਂ ਨਹੀਂ ਬਚਿਆ ਕੁੱਝ ਵੀ
ਕਿਸਮਤ ਵਿੱਚ ਖੋਣ ਲਈ

ਕੁੜੀਆਂ ਨੇ ਪੁੱਛਦੀਆਂ ਮਾਏਂ
ਕੇ ਸਾਂਨੂੰ ਧੋਣ ਲਈ,
ਚੌਂਕੇ ਵਿੱਚ ਬੈਠੀਆਂ ਮਾਏ,
ਕਰਮਾਂ ਨੂੰ ਰੋਣ ਲਈ.....

**********

ਪਿੱਛੇ ਖੜ੍ਹੀਆਂ ਹੀ
ਠੀਕ ਸੀ
ਲੁਕ ਛਿਪ ਕੇ ਹੀ
ਠੀਕ ਸੀ
ਅਸੀਂ ਕੁੜੀਆਂ
ਅੱਗੇ ਕੀ ਆਈਆਂ
ਹਰ ਤਰਫ਼ੋਂਹੋ ਗਈਆਂਸ਼ਿਕਾਰ
ਤਰੱਕੀਆਂ ਸਾਨੂੰ
ਖਾ ਗਈਆਂ
ਬੁਲੰਦੀਆਂ ਸਾਨੂੰ
ਪੀ ਗਈਆਂ
ਸਾਡੀ ਆਪਣੀ ਪਛਾਣ ਨੇ
ਕਰਤਾ ਦੋਸ਼ੀ ਕਰਾਰ

*******

ਮੁੰਡੇ ਵੀ
ਰੁਲ਼ ਜਾਂਦੇ ਨੇ
ਵਿੱਚ ਮਾਂ ਪਿਓ ਦੀਆਂ
ਬਿਮਾਰੀਆਂ
ਘਰ ਦੀਆਂ
ਜ਼ਿੰਮੇਵਾਰੀਆਂ

ਅਸੀਂ ਕੁੜੀਆਂ
ਲਿਖਾਰੀਆਂ ਮਗਰ ਲੱਗ
ਲੈਂਦੀਆਂ ਰਹੀਆਂ
ਰਾਜਕੁਮਾਰਾਂ ਦੇ ਸੁਫ਼ਨੇ

‘ਤੇ ਕਦੀ
ਨਿਗਾਹ ਵੀ ਨਹੀਂ ਮਾਰੀ
ਇਹਨਾਂ
ਕਾਮੇ
ਸਿਰੜੀ
ਕਬੀਲਦਾਰ
ਮੁੜ੍ਹਕੇ ਨਾਲ਼ ਭਿੱਜੇ
ਗਭਰੇਟਾਂ ਵੱਲ।

*****

ਧੀਆਂ ਜੰਮੀਆਂ
ਹੋਣਹਾਰ
ਤਾਂ ਮਾਵਾਂ
ਹੋ ਗਈਆਂ
ਗੁਨਾਹਗਾਰ

ਜੇ ਪੁੱਤ ਜੰਮੇ
ਨਿਕੰਮੇਂ

ਅਖੇ
ਹੁਣ ਕੁੱਖਾਂ ਨੂੰ
ਲੱਗ ਗਏ ਭਾਗ

***ਸੀਰਤ ***
likhtam@hotmail.com

## ਪੰਜਾਬ ਦੇ ਘਟ ਰਹੇ ਪਾਣੀਆਂ ’ਤੇ ਗੀਤ

**ਜੱਟ**
ਪੂਰਾ ਹੋ ਗਿਆ ਜੱਟੀਏ ਮਹੀਨਾ ਜੂਨ ਅਖ਼ੀਰੀ ਦਾ
ਹੁਣ ਖੇਤੀਂ ਡੇਰੇ ਲਾਈਏ ਮੌਕਾ ਆ ਗਿਆ ਜੀਰੀ ਦਾ
**ਜੱਟੀ**
ਮੈਂ ਰੋਜ਼ ਸੋਚਦੀ ਰਹਿੰਦੀ ਕਿ ਵਿਗੜੀ ਕਹਾਣੀ ਵੇ
ਇੰਝ ਤਾਂ ਮੁੱਕ ਜਾਊਗਾ ਧਰਤੀ ਵਿਚਲਾ ਪਾਣੀ ਵੇ
**ਜੱਟ**
ਫਿਕਰ ਕਿਉਂ ਐਵੇਂ ਕਰਦੀ ਹੌਸਲਾ ਬੈਠੀ ਛੱਡੀ ਨੀ
ਆਪਾਂ ਪੂਸਾ ਲਾਉਣਾ ਜਾਂ ਫਿਰ ਲਾਉਣਾ ਛੱਬੀ ਨੀ
ਹੁਣ ਮੈਨੂੰ ਵਾਜਾਂ ਮਾਰੇ ਬੱਲੀਏ ਖੇਤ ਪਨੀਰੀ ਦਾ
ਹੁਣ ਖੇਤੀਂ ਡੇਰੇ ਲਾਈਏ--------------
**ਜੱਟੀ**
ਸਭ ਟਿੱਬੇ ਟੋਏ ਪਧਰੇ ਕਰਕੇ ਇੱਕ ਬਣਾ ਦਿੱਤੇ
ਏਸ ਝੋਨੇ ਨੇ ਚੰਨਾਂ ਸਾਰੇ ਪੇੜ ਮੁਕਾ ਦਿੱਤੇ
ਦੱਸ ਕੀਹਦੀ ਛਾਵੇਂ ਬੈਠੂ ਤੇਰੀ ਹੀਰ ਨਿਮਾਣੀ ਵੇ
ਇੰਝ ਤਾਂ ਮੁੱਕ ਜਾਊਗਾ----------
**ਜੱਟ**
ਦਸ ਦਿਨ ਹੀ ਕੰਮ ਕਰਨਾ ਫਿਰ ਤਾਂ ਮੌਜਾਂ ਲਈਏ ਨੀ
ਘਰ ਵਿੱਚ 13 ਛੱਡ ਕੇ ਆਪਾਂ ਠਾਠ ਚ ਰਹੀਏ ਨੀ
ਖੇਤਾਂ ਵਿੱਚ ਫਿਰ ਕੰਮ ਰਹਿਜੂਗਾ ਆਪਣੇ ਸੀਰੀ ਦਾ
ਹੁਣ ਖੇਤੀਂ ਡੇਰੇ ਲਾਈਏ------------------
**ਜੱਟੀ**
ਪਹਿਲਾਂ ਵਾਂਗੂੰ ਖੇਤਾਂ ਵਿੱਚ ਨਾ ਰਹੀਆਂ ਬਹਾਰਾਂ ਵੇ
ਝੋਨੇ ਨੇ ਖਾ ਲਈਆਂ ਘੁੱਗੀਆਂ ਤੇ ਗਟਾਰਾਂ ਵੇ
ਪੰਛੀਆਂ ਤੇ ਫਸਲਾਂ ਦੀ ਤਾਂ ਹੈ ਸਾਂਝ ਪੁਰਾਣੀ ਵੇ
ਇੰਝ ਤਾਂ ਮੁੱਕ ਜਾਊਗਾ------
**ਜੱਟ**
ਤਿੰਨ ਮਹੀਨਿਆਂ ਵਿੱਚ ਫਸਲ ਸਾਰੀ ਪੱਕ ਜਾਣੀ ਨੀ
ਗੌਰਮਿੰਟ ਨੇ ਮੁਫਤ ਦਿੱਤਾ ਬਿਜਲੀ ਤੇ ਪਾਣੀ ਨੀ
ਇਸ ਝੋਨੇ ਨੇ ਹੀ ਦੇਣਾ ਸਾਨੂੰ ਸੁਖ ਅਮੀਰੀ ਦਾ
ਹੁਣ ਖੇਤੀਂ ਡੇਰੇ ਲਾਈਏ-----------
**ਜੱਟੀ**
ਮੁਫਤ ਖੋਰੇ ਜੱਟ ਬਣਗੇ ਹੱਥੀਂ ਕੰਮ ਨਾ ਕਰਦੇ ਵੇ
ਤਾਂ ਹੀ ਤਾਂ ਹੁਣ ਸਾਰਿਆਂ ਦੇ ਬਸ ਬਣੇ ਆ ਪੜਦੇ ਵੇ
ਸਭ ਬੈਕਾਂ ਕੋਲ ਜਮੀਨਾਂ ਪੱਲੇ ਨਾ ਕੌਡੀ ਕਾਣੀ ਵੇ
ਇੰਝ ਤਾਂ ਮੁੱਕ ਜਾਊਗਾ--------------
**ਜੱਟ**
ਫਿਰਦੀ ਏਂ ਦੱਸ ਕਿਉਂ ਪਾਣੀ ਪਾਣੀ ਕੁਰਲਾਉਂਦੀ ਨੀ
ਕਿੰਨੀ ਵਾਰ ਸਮਝਾਇਆ ਤੈਨੂੰ ਸਮਝ ਨਾ ਆਉਂਦੀ ਨੀ
ਤੈਨੂੰ ਹੀ ਬਾਹਲਾ ਫਿਕਰ ਹੋਗਿਆ ਅਗਲੀ ਪੀੜ੍ਹੀ ਦਾ
ਹੁਣ ਖੇਤੀਂ ਡੇਰੇ ਲਾਈਏ------------
**ਜੱਟੀ**
ਨਾ ਹੀ ਨਰਮਾ ਦਿਸਦਾ ਨਾ ਹੀ ਫੁੱਲ ਕਪਾਹਾਂ ਦੇ
ਨਾ ਕੋਈ ਭੱਤੇ ਵਾਲੀ ਦਿਸਦੀ ਹੈ ਵਿੱਚ ਰਾਹਾਂ ਦੇ
ਕਿਸੇ ਵਿਰਲੇ ਘਰ ਹੀ ਪੈਂਦੀ ਦੁੱਧ ਦੇ ਵਿੱਚ ਮਧਾਣੀ ਵੇ
ਇੰਝ ਤਾਂ ਮੁੱਕ ਜਾਊਗਾ---------
**ਜੱਟ**
ਸੁੰਡੀ ਖਾ ਜਾਂਦੀ ਨਰਮਾ ਜੱਟ ਕੀ ਕਰੇ ਵਿਚਾਰਾ ਨੀ
ਫਸਲ ਝੋਨੇ ਦੀ ਦਿੰਦੀ ਡੁਬਦੇ ਤਾਂਈ ਸਹਾਰਾ ਨੀ
ਮਹਿੰਗਾਈ ਦਾ ਮਾਰਿਆ ਜੱਟ ਕਰਜ਼ੇ ਵਿੱਚ ਪੀੜੀ ਦਾ
ਹੁਣ ਖੇਤੀਂ ਡੇਰੇ ਲਾਈਏ----------
**ਜੱਟੀ**
ਜਦੋਂ ਦਾ ਚੰਦਰਾ ਝੋਨਾ ਸਾਡੇ ਪੰਜਾਬ ਚ ਆਇਆ ਵੇ
ਮਣਾਂ ਮੂੰਹੀਂ ਜ਼ਹਿਰ ਆਪਾਂ ਧਰਤੀ ਵਿੱਚ ਪਾਇਆ ਵੇ
ਜੋ ਦਾਲ਼ਾਂ ਸਬਜੀਆਂ ਆਟੇ ਦੁੱਧ ਵਿੱਚ ਪੈਂਦੀ ਖਾਣੀ ਵੇ
ਇੰਝ ਤਾਂ ਮੁੱਕ ਜਾਊਗਾ----------
**ਜੱਟ**
ਕੈਲੇ ਕਿਆਂ ਨੇ ਜਦ ਆਪਣੀ ਸੀ ਕੁੜੀ ਵਿਆਹੀ ਨੀ
ਪੈਲਿਸ ਦੇ ਵਿੱਚ ਕਿੰਝ ਬਹਿਜਾ ਬਹਿਜਾ ਕਰਵਾਈ ਨੀ
ਆਪਾਂ ਵੀ ਵਧ ਚੜ੍ਹਕੇ ਕਰਨਾ ਵਿਆਹ ਜਸਵੀਰੀ ਦਾ
ਹੁਣ ਖੇਤੀਂ ਡੇਰੇ ਲਾਈਏ--------
**ਜੱਟੀ**
ਲਿਮਟਾਂ ਦਾ ਪੈਸਾ ਲਾਤਾ ਵਿਆਹਾਂ ਕੋਠੀਆਂ ਕਾਰਾਂ ਤੇ
ਹੁਣ ਇਸ ਕਰਜ਼ੇ ਦਾ ਦੋਸ਼ ਲਾਉਂਦੇ ਨੇ ਜੱਟ ਸਰਕਾਰਾਂ ਤੇ
ਕਦੇ ਸੂਤ ਨੀ ਆਉਣੀ ਇਹ ਜੋ ਉਲਝੀ ਤਾਣੀ ਵੇ
ਇੰਝ ਤਾਂ ਮੁੱਕ ਜਾਊਗਾ----------
**ਜੱਟ**
ਕਣਕ ਝੋਨੇ ਦਾ ਫਸਲੀ ਚੱਕਰ ਵੇਖ ਨਜ਼ਾਰੇ ਨੀ
ਚੰਗੇ ਝਾੜ ਤੇ ਭਾਅ ਨੇ ਕਰਤੇ ਵਾਰੇ ਨਿਆਰੇ ਨੀ
ਝੋਨੇ ਨੇ ਪੂਰਾ ਕਰਨਾ ਤੇਰਾ ਸ਼ੌਂਕ ਜ਼ੰਜ਼ੀਰੀ ਦਾ
ਹੁਣ ਖੇਤੀਂ ਡੇਰੇ ਲਾਈਏ------
**ਜੱਟੀ**
ਵੇਖ ਲਏ ਨੇ ਆਪਾਂ ਇਸ ਝੋਨੇ ਦੇ ਕਾਰੇ ਵੇ
ਕਿੱਧਰ ਗਏ ਚਰ੍ਹੀ ਬਾਜਰਾ ਮੋਠ ਗੁਆਰੇ ਵੇ
ਨਸ਼ਿਆਂ ਦੇ ਵੱਸ ਪੈ ਗਈ ਆ ਮੁੰਡਿਆਂ ਦੀ ਢਾਣੀ ਵੇ
ਇੰਝ ਤਾਂ ਮੁੱਕ ਜਾਊਗਾ------------
**ਜੱਟ**
ਚੱਲ ਫਿਰ ਆਪਾਂ ਸੋਚਕੇ ਨਵੀਂ ਸਕੀਮ ਬਣਾਈਏ ਨੀ
ਵੰਨ ਸਵੰਨੀ ਖੇਤੀ ਵਾਲਾ ਰਾਹ ਅਪਣਾਈਏ ਨੀ
**ਜੱਟੀ**
ਫਿਰ ਤਾਂ ਬਚ ਜਾਊਗਾ ਧਰਤੀ ਵਿਚਲਾ ਪਾਣੀ ਨੀ
ਹਾਂ ਮਾਹੀਆ ਬਚ ਜਾਊਗਾ ਧਰਤੀ ਵਿਚਲਾ ਪਾਣੀ ਵੇ
**ਜੱਟ ਤੇ ਜੱਟੀ**
ਹੁਣ ਤਾਂ ਆਪਾਂ ਸਾਰੇ ਲੋਕਾਂ ਨੂੰ ਸਮਝਾਵਾਂਗੇ
ਸਾਰੇ ਰਲ਼ਕੇ ਪਾਣੀ ਅਤੇ ਜ਼ਮੀਨ ਬਚਾਵਾਂਗੇ
ਸੱਚ ਵਿਗਿਆਨੀ ਕਹਿੰਦੇ ਆਪਾਂ ਰਮਜ਼ ਪਛਾਣੀ ਐ
ਭੁੱਚੋ ਵਾਲੇ ਦੇ ਖਾਨੇ ਪੈ ਗਈ ਤੇਰੀ ਗੱਲ ਸਿਆਣੀ ਐ



**ਸੋਹਣ ਭੁੱਚੋ ਆਲਾ**
+91 81469 46195




# ਹੱਥਾਂ ਤੇ ਅੱਟਣਾਂ ਵਰਗੇ ਗੀਤਾਂ ਦਾ ਗੀਤਕਾਰ


ਗੁਰਚਰਨ ਵਿਰਕ

ਸੋਹਲ ਹੱਥਾਂ ਦੀ ਬਜਾਏ ਅੱਟਣਾਂ ਵਾਲੇ ਹੱਥ ਜ਼ਿੰਦਗੀ ਭਰ ਦਾ ਸਰਮਾਇਆ ਹੁੰਦੇ ਨੇ। ਅੱਟਣ ਸਾਰੀ ਜ਼ਿੰਦਗੀ ਆਪਣੀ ਮਿਹਨਤ ਦਾ ਸੁਆਦ ਦਿੰਦੇ ਰਹਿੰਦੇ ਨੇ। ਕੁੱਝ ਗੀਤ ਵੀ ਅੱਟਣਾਂ ਵਰਗੇ ਹੁੰਦੇ ਨੇ ਜੋ ਸਾਰੀ ਜ਼ਿੰਦਗੀ ਸੁਆਦ ਦਿੰਦੇ ਨੇ।

ਮੈਂ ਗੱਲ ਕਰ ਰਿਹਾ ਹਾਂ ਛੋਟੀ ਉਮਰ ਰੁਖਸਤ ਹੋਏ, ਵੱਡੇ ਗੀਤਕਾਰ, ਗੁਰਚਰਨ ਵਿਰਕ ਦੀ। ਪਹਿਲਾਂ ਗੁਰਚਰਨ ਦੇ ਗੀਤਾਂ ਦੇ ਨਮੂਨੇ ਵੇਖਿਓ

ਦਿਨ ਵੀ ਨੀ ਆਪਣਾ ਤੇ ਰਾਤ ਵੀ ਨੀ ਆਪਣੀ
ਦੇਈਏ ਕੀ ਹੁੰਗਾਰਾ ਜਦੋਂ ਬਾਤ ਵੀ ਨੀ ਆਪਣੀ
ਵੱਡੇ ਲੋਕਾਂ ਦਿਆਂ ਹੱਥਾਂ ਵਿੱਚ ਖੇਡਦੀ
ਖਿਡੋਣੇ ਵਾਂਗੂੰ ਟੁੱਟ ਜਾਏਂਗੀ
ਕਾਹਤੋਂ ਆਈ ਏਂ ਗਰੀਬ ਤੇ ਜਵਾਨੀਏ
ਨੀ ਫਿਕਰਾਂ 'ਚ ਮੁੱਕ ਜਾਏਂਗੀ
ਉੱਚਿਆਂ ਮਹੱਲਾਂ ਦੀ ਗੁਲਾਮ ਸਾਡੀ ਜ਼ਿੰਦਗੀ
ਅੱਕਾਂ ਦਿਆਂ ਫੁੱਲਾਂ ਵਾਂਗੂੰ ਕਈ ਥਾਈਂ ਖਿੰਡਗੀ
ਸਿਰੋਂ ਕਰਜ਼ੇ ਦਾ ਭਾਰ ਨਹੀਂਓ ਲੱਥਣਾ
ਨੀ ਇਕ ਦਿਨ ਝੁੱਕ ਜਾਏਂਗੀ
ਦੌਲਤਾਂ ਤੇ ਸ਼ੋਹਰਤਾਂ ਤੇ ਵੱਡੀਆਂ ਜਗੀਰਾਂ ਦਾ
ਹੁਣ ਤੇ ਪਿਆਰ ਖੇਲ੍ਹ ਰਹਿ ਗਿਆ ਅਮੀਰਾਂ ਦਾ
ਤੱਤੇ ਥੱਲਾਂ ਦੀ ਪਿਆਸ ਨਹੀਂ ਬੁੱਝਣੀ
ਨੀ ਪਾਣੀ ਵਾਂਗੂੰ ਸੁੱਕ ਜਾਏਂਗੀ
ਸੁਪਨੇ ਪਰਾਏ ਸਾਡੇ ਸੋਚ ਵੀ ਨੀ ਆਪਣੀ
ਹੱਕ ਕਾਹਦਾ ਹੋਣਾ ਜਦੋਂ ਰੋਕ ਵੀ ਨੀ ਆਪਣੀ
ਰਾਈਆਂ ਵਾਲੇ ਦੇ ਵਿਰਕ ਨੂੰ ਪਿਆਰੀਏ
ਨੀ ਇਕ ਦਿਨ ਟੁੱਟ ਜਾਏਂਗੀ
ਕਾਹਤੋਂ ਆਈ ਏਂ ਗਰੀਬ ਤੇ ਜਵਾਨੀਏ
ਨੀ ਫਿਕਰਾਂ 'ਚ ਮੁੱਕ ਜਾਏਂਗੀ
**ਆਵਾਜ਼ ਜੱਸੀ ਜਸਪਾਲ**

--------------------------

ਚਿਰ ਹੋਗਿਆ ਬੀ ਏ ਕੀਤੀ ਨੂੰ,
ਹਾਲੇ ਤੱਕ ਬੇਰੁਜ਼ਗਾਰ ਹਾਂ ਮੈਂ
ਪੁੱਤ ਭਾਰ ਉਠਾਉਂਦੇ ਮਾਪਿਆਂ ਦਾ,
ਪਰ ਤੇਰੇ ਸਿਰ ਤੇ ਭਾਰ ਹਾਂ ਮੈਂ
ਸਰਵਿਸ ਲਈ ਧੱਕੇ ਖਾਂਦਾ ਹਾਂ,
ਨਹੀਂ ਨੀਂਦ ਰਾਤ ਨੂੰ ਆਉਂਦੀ ਮਾਂ
ਲੋਕਾਂ ਦੇ ਜੂਠੇ ਭਾਂਡੇ ਮਾਂਜ,
ਮੈਨੂੰ ਕਾਹਨੂੰ ਰਹੀ ਪੜ੍ਹਾਉਂਦੀ ਮਾਂ
ਪਤੇ ਲੱਭਦਾ ਨਿੱਤ ਅਖਬਾਰਾਂ @ਚੋਂ
ਤੇ ਰੋਜ਼ ਅਰਜ਼ੀਆਂ ਲਿਖਦਾ ਮੈਂ
ਕਦੇ ਏਸ ਸ਼ਹਿਰ ਕਦੇ ਓਸ ਸ਼ਹਿਰ
ਸੜਕਾਂ ਤੇ ਜੁੱਤੀਆਂ ਘਿਸਦਾ ਮੈਂ
ਸੜਕਾਂ ਦਾ ਪੈਂਡਾ ਮਾਰ ਗਿਆ,
ਤੇ ਤੁਰਦਾ ਤੁਰਦਾ ਹਾਰ ਗਿਆ
ਪਰ ਦੂਰ ਦੂਰ ਅਜੇ ਤੱਕ
ਮੰਜ਼ਿਲ ਨਜ਼ਰ ਨਹੀਂ ਆਉਂਦੀ ਮਾਂ
ਲੋਕਾਂ ਦੇ ਜੂਠੇ ਭਾਂਡੇ ਮਾਂਜ
ਮੈਨੂੰ ਕਾਹਤੋਂ ਰਹੀ ਪੜ੍ਹਾਉਂਦੀ ਮਾਂ
ਹਰ ਪਾਸੇ ਪੈਸਾ ਚਲਦਾ ਏ,
ਕੋਈ ਪੈਸੇ ਬਿਨਾਂ ਸਿਫਾਰਿਸ਼ ਨਹੀਂ
ਦੋਵੇਂ ਚੀਜ਼ਾਂ ਨਹੀਂ ਕੋਲ ਮੇਰੇ,
ਤਾਂ ਹੀ ਕੋਈ ਵਾਲੀ ਵਾਰਿਸ ਨਹੀਂ
ਹੱਕ ਮੰਗਣਾ ਏਥੇ ਪਾਪ ਏ ਮਾਂ,
ਤੇ ਉੱਚੀ ਜਾਤ ਸਰਾਪ ਏ ਮਾਂ
ਕੰਮ ਮਿਲ ਜਾਂਦਾ ਜੇ ਜਾਤ ਸਾਡੀ
ਕਿਸੇ ਕੋਟੇ ਦੇ ਵਿੱਚ ਆਉਦੀ ਮਾਂ
ਲੋਕਾਂ ਦੇ ਜੂਠੇ ਭਾਂਡੇ ਮਾਂਜ
ਮੈਨੂੰ ਕਾਹਤੋਂ ਰਹੀ ਪੜ੍ਹਾਉਂਦੀ ਮਾਂ
ਇਸ ਇਕ ਸਫੇ ਦੀ ਡਿਗਰੀ ਲਈ
ਲੋਕਾਂ ਤੋਂ ਕਰਜ਼ਾ ਨਾ ਲੈਂਦੇ
ਪਿੰਡ ਰਾਈਆਂ ਵਾਲੇ ਦੇ ਖੇਤਾਂ 'ਚ
ਦੋ ਡੰਗ ਦੀ ਰੋਟੀ ਖਾ ਲੈਂਦੇ
ਸਾਨੂੰ ਲੋਭ ਜੇ ਹੁੰਦਾ ਧਨ ਦਾ ਨਾਂ ,
ਤੇਰਾ ਵਿਰਕ ਨਿਕੰਮਾ ਬਣਦਾ ਨਾ
ਜੇ ਫੱਟੀ ਬਸਤੇ ਦੀ ਥਾਂ ਤੇ,
ਹਲ ਵਾਹੁਣਾ ਤੂੰ ਸਿਖਾਉਂਦੀ ਮਾਂ
ਲੋਕਾਂ ਦੇ ਜੂਠੇ ਭਾਂਡੇ ਮਾਂਜ
ਮੈਨੂੰ ਕਾਹਤੋਂ ਰਹੀ ਪੜ੍ਹਾਉਂਦੀ ਮਾਂ
**ਆਵਾਜ਼ ਰਾਜ ਤਿਵਾੜੀ**

--------------

ਅੰਬਰਾਂ ਤੋਂ ਚੰਨ ਮੈਂ ਲਿਆ ਨੀ ਸਕਦਾ
ਤਾਰੇ ਤੇਰੀ ਝੋਲੀ ਪਾ ਨੀ ਸਕਦਾ
ਝੂਠਾ ਕਰਦਾ ਨੀ ਕੋਈ ਇਕਰਾਰ
ਕੱਚਿਆਂ ਘਰਾਂ ਦੇ ਵਿੱਚ ਵੱਸਣਾ ਪਊਗਾ
ਜੇ ਤੂੰ ਸਾਡੇ ਨਾਲ ਕਰੇਂਗੀ ਪਿਆਰ
**ਆਵਾਜ਼ ਮਨਜੀਤ ਰੂਪੋਵਾਲੀਆ**

----------------------

ਕਦੇ ਬਾਬਲ ਪੈਰੀਂ ਪੱਗ ਧਰਦਾ,
ਕਦੇ ਮਾਂ ਸੀ ਚੁੰਨੀ ਲਾਹ ਲੈਂਦੀ
ਔਰਤ ਸਾਂ ਆਖਰ ਝੁੱਕ ਗਈ ਮੈਂ,
ਕਿੰਨਾਂ ਚਿਰ ਆਹਢਾ ਲਾ ਲੈਂਦੀ
ਮਜਬੂਰੀ ਮੈਥੋਂ ਜਿੱਤ ਗਈ,
ਮੈਂ ਹਾਰ ਕੇ ਬਹਿ ਗਈ ਪਾਸੇ
ਘਰ ਆਗੇ ਸੋਹਣਿਆਂ ਵੇ
ਕੱਲ੍ਹ ਚੁੰਨੀਂ ਨਾਲ ਪਤਾਸੇ
**ਆਵਾਜ਼ ਪਰਮਿੰਦਰ ਸੰਧੂ**

-----------------

ਤੈਨੂੰ ਯਾਦ ਹੋਣੈਂ ਕਦੇ ਤੂੰ ਤੇ ਮੈਂ,
ਮਿਲਦੇ ਸੀ ਪਹਿਲੇ ਪਹਿਰ ਕੁੜੇ
ਉਹ ਖੂਹ ਤੇ ਸੰਘਣੀਆਂ ਛਾਵਾਂ ਨੀ,
ਕੋਲੋਂ ਦੀ ਲੰਘਦੀ ਨਹਿਰ ਕੁੜੇ
ਮੈਂ ਬੁੱਕ ਭਰਦਾ ਤੂੰ ਪੀਂਦੀ ਸੈਂ,
ਦੋਵਾਂ ਨੇ ਪਿਆਸ ਬੁਝਾਈ ਨੀ
ਚਿਰ ਪਿੱਛੋਂ ਦਿਲ ਮਰ ਜਾਣੇ ਨੂੰ
ਤੇਰੀ ਯਾਦ ਚੰਦਰੀਏ ਆਈ ਨੀ
**ਆਵਾਜ਼ ਹਰਭਜਨ ਸ਼ੇਰਾ**

--------------

ਮੈਂ ਨਾਂ ਬੋਲਦੀ ਛਣਕ ਪੈਂਦੀ ਵੰਗ ਨੀ
ਆਪੇ ਚਰਖੇ ਤੋਂ ਟੁੱਟ ਜਾਂਦਾ ਤੰਦ ਨੀ
ਮੈਂ ਉੱਠ ਉੱਠ ਵੇਖਾਂ ਲੰਘਦਾ
ਉਹਦੇ ਗਲ ਦੀ ਤਵੀਤੀ ਚਿੱਟਾ ਚਾਦਰਾ
ਨੀ ਅੱਲੜ੍ਹਾਂ ਦੇ ਦਿਲ ਡੰਗਦਾ
**ਆਵਾਜ਼ ਦਿਲਸ਼ਾਦ ਅਖ਼ਤਰ**

ਇਹ ਤਾਂ ਗੁਰਚਰਨ ਵਿਰਕ ਦੀ ਗੀਤਕਾਰੀ ਦਾ ਮਹਿਜ਼ ਨਮੂਨਾ ਈ ਐ। ਗੁਰਚਰਨ ਦਾ ਜਨਮ 1968 ਵਿੱਚ ਪਿੰਡ ਰਾਈਆਂ ਵਾਲਾ ਜ਼ਿਲ੍ਹਾ ਫ਼ਰੀਦਕੋਟ ਵਿੱਚ ਸ੍ਰ ਲਾਭ ਸਿੰਘ ਵਿਰਕ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ ਹੋਇਆ। ਵਿਰਕ ਨੇ ਗੋਰਮਿੰਟ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਬੀ ਏ ਕੀਤੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ ਏ। ਕਾਲਿਜ ਦੇ ਦਿਨਾਂ ਵਿੱਚ ਉਹ ਨਾਟਕਾਂ ਦਾ ਸ਼ੌਕ ਰਖਦਾ ਸੀ ਇਹਨੀ ਦਿਨੀਂ ਉਹਦਾ ਮੇਲ ਦਿਲਸ਼ਾਦ ਅਖ਼ਤਰ ਨਾਲ ਹੋਇਆ। ਦਿਲਸ਼ਾਦ ਵੀ ਹਾਲੇ ਬਿਲਕੁਲ ਨਵਾਂ ਸੀ। ਦਿਲਸ਼ਾਦ ਦੇ ਰਿਕਾਰਡ ਹੋਣ ਵਾਲੇ ਪਹਿਲੇ ਗੀਤ ਗੁਰਚਰਨ ਵਿਰਕ ਨੇ ਲਿਖੇ। ਫੇਰ ਧਰਮ ਕੰਮੇਆਣਾ, ਦਿਲਸ਼ਾਦ ਅਖ਼ਤਰ ਪ੍ਰਗਟ ਭਾਗੂ ਤੇ ਗੁਰਚਰਨ ਵਿਰਕ ਦੀ ਇਕ ਟੋਲੀ ਜਹੀ ਬਣ ਗਈ ਜੋ ਬਠਿੰਡੇ ਦੀ ਗਾਇਕ ਮੰਡੀ ਦੀ ਨਿਉਂ ਜੜ੍ਹ ਕਹੀ ਜਾ ਸਕਦੀ ਐ।

ਗੁਰਚਰਨ ਦੇ ਗੀਤ ਪ੍ਰਗਟ ਭਾਗੂ, ਦਿਲਸ਼ਾਦ ਅਖ਼ਤਰ, ਜੱਸੀ ਜਸਪਾਲ, ਮਨਜੀਤ ਰੂਪੋਵਾਲੀਆ, ਰਾਜ ਤਿਵਾੜੀ,ਪਰਮਿੰਦਰ ਸੰਧੂ, ਹਰਭਜਨ ਸ਼ੇਰਾ,ਮੁਹੰਮਦ ਸਦੀਕ ਸਮੇਤ ਚੋਟੀ ਦੇ ਕਲਾਕਾਰਾਂ ਨੇ ਰਿਕਾਰਡ ਕਰਵਾਏ। ਫਿਲਮ ਨਿਰਦੇਸ਼ਕ ਦੇ ਤੌਰ ਤੇ ਮੜ੍ਹੀ ਦਾ ਦੀਵਾ ਫਿਲਮ ਲਈ ਉਸਨੇ ਸਹਾਇਕ ਨਿਰਦੇਸ਼ਕ ਵੱਜੋਂ ਕੰਮ ਕੀਤਾ ਗਿਆਰਾਂ ਅਕਤੂਬਰ 2016 ਨੂੰ ਬੜੀ ਛੋਟੀ ਉਮਰੇ ਪੰਜਾਬ ਦਾ ਵੱਡਾ ਗੀਤਕਾਰ ਤੇ ਨਿਰਦੇਸ਼ਕ ਦਿਲ ਦਾ ਦੌਰਾ ਪੈਣ ਨਾਲ ਸਦਾ ਲਈ ਵਿਛੋੜਾ ਦੇ ਗਿਆ।

# ਬਨਣਾ ਦੋਰਾਹੇ ਵਾਲੇ ਲਾਲੀ ਤੇਰਾ ਓਹ ਨੀ

ਨਵੇਂ ਦੌਰ ਦੇ ਦੋ-ਗਾਨਿਆਂ ਵਿੱਚ ਦੋ ਕੁ ਗੀਤ ਆਏਂ ਅੱਗ ਦੇ ਭੰਬੂਕੇ ਵਾਂਗੂੰ ਆਏ ਜੋ ਨਛੱਤਰ ਗਿੱਲ ਤੇ ਜਸਪਿੰਦਰ ਨਰੂਲਾ ਦੀਆਂ ਆਵਾਜ਼ਾਂ ਵਿੱਚ ਸੀ। ਸੰਗੀਤ ਸੀ ਗੁਰਮੀਤ ਸਿੰਘ ਦਾ। ਇਕ ਗੀਤ ਦੇ ਬੋਲ ਨੇ

ਸੂਟ ਪਟਿਆਲਾ ਸ਼ਾਹੀ ਪੈਰਾਂ ਵਿੱਚ ਝਾਂਜਰਾਂ
ਸਜੀ ਫਿਰਦੀ ਏਂ ਅੱਜ ਪਰੀਆਂ ਦੇ ਵਾਂਗਰਾਂ
ਮੈਂ ਕਿਹਾ ਸੋਹਣਿਆਂ ਨੇ ਖਿੱਚੀ ਕਿੱਥੋਂ ਦੀ ਤਿਆਰੀ ਐ
ਗੁੱਸਾ ਨਾ ਕਰੀਂ ਨੀ ਤੈਨੂੰ ਪਿੱਛੋਂ ਵਾਜ ਮਾਰੀ ਐ
ਅਗੋਂ ਕੁੜੀ ਦੇ ਬੋਲ ਨੇ
ਹੱਟਜਾ ਚਲਾਕਾ ਵੇ ਤੂੰ ਚੱਕਰ ਚਲਾਉਣ ਤੋਂ
ਤੈਂ ਕੀ ਦੱਸ ਲੈਣਾਂ ਮੇਰੇ ਕਿਤੇ ਆਉਣ ਜਾਣ ਤੋਂ
ਮੈਂ ਤਾਂ ਉੱਥੇ ਜਾਊਂ, ਜਿੱਥੇ ਕਰੂ ਮੇਰਾ ਜੀਅ ਵੇ
ਹਾਕ ਕਾਹਤੋਂ ਮਾਰੀ ਮੇਰਾ ਲੱਗਦਾ ਤੂੰ ਕੀ ਵੇ
ਅੱਗੋਂ ਮੁੰਡੇ ਦਾ ਜੁਆਬ ਐ
ਅੱਜ ਤੇਰੇ ਕੋਲੋਂ ਨਾ ਕੋਈ ਰੱਖਣਾ ਲੁਕੋ ਨੀ
ਬਨਣਾ ਦੋਰਾਹੇ ਵਾਲੇ ਲਾਲੀ ਤੇਰਾ ਓਹ ਨੀ
ਆਪਣੀ ਬਨਾਉਣਾ ਤੈਨੂੰ ਦਿਲ ਵਿੱਚ ਧਾਰੀ ਐ
ਗੁੱਸਾ ਨਾ ਕਰੀਂ ਨੀ ਤੈਨੂੰ ਪਿੱਛੋਂ ਵਾਜ ਮਾਰੀ ਐ


ਦੋਰਾਹੇ ਵਾਲਾ ਲਾਲੀ

ਇਸੇ ਤਰ੍ਹਾਂ ਨਛੱਤਰ ਗਿੱਲ ਅਤੇ ਜਸਪਿੰਦਰ ਨਰੂਲਾ ਦੀਆਂ ਆਵਾਜ਼ਾਂ ਵਿੱਚ ਇਕ ਹੋਰ ਦੋ-ਗਾਣਾ

ਅਸੀਂ ਮੁੰਡਿਆ ਵੇ ਤੈਨੂੰ ਹਾਂ ਨੀ ਆਖਣੀ
ਹਾਂ ਨੀ ਆਖਣੀ ਤੇ ਨਾਂਹ ਵੀ ਨੀ ਆਖਣੀ
ਲਾਰਾ ਲੱਪਾ, ਲਾਰਾ ਲੱਪਾ ਲਾਈ ਰੱਖਣਾ
ਵੇ ਤੈਨੂੰ ਉਂਗਲਾਂ ਤੇ ਨਾਚ ਨਚਾਈ ਰੱਖਣਾ
ਅੱਗੋਂ ਮੁੰਡੇ ਦੇ ਬੋਲ ਹਨ
ਭਰਿਆ ਹੋਇਆ ਏ ਰੌਂਦ ਸਮਝੀਂ ਨਾ ਖਾਲੀ ਨੀਂ
ਵੱਜਦਾ ਨਿਸ਼ਾਨੇ ਤੇ ਦੋਰਾਹੇ ਵਾਲਾ ਲਾਲੀ ਨੀਂ
ਗੱਲ ਬਣੇ ਜਿੱਥੇ ਮਾਰਦਾ ਏ ਗੇੜੇ ਕੁੜੀਏ
ਨੀ ਸਾਨੂੰ ਤੋਤਿਆਂ ਨੂੰ ਬਾਗ ਬਥੇਰੇ ਕੁੜੀਏ

ਨਛੱਤਰ ਗਿੱਲ, ਜਸਪਿੰਦਰ ਨਰੂਲਾ ਤੇ ਗੁਰਮੀਤ ਸਿੰਘ ਨੂੰ ਤੇ ਸਾਰੇ ਜਾਣਦੇ ਨੇ ਪਰ ਇਹ ਦੋਰਾਹੇ ਵਾਲਾ ਲਾਲੀ ਕੌਣ ਐ ? ਪ੍ਰਸਿੱਧ ਹਾਸਰਸ ਕਲਾਕਾਰ ਸਵਰਗਵਾਸੀ ਜਸਵਿੰਦਰ ਭੱਲਾ ਨੂੰ ਤੇ ਪੂਰੀ ਦੁਨਿਆਂ ਜਾਣਦੀ। ਜਸਵਿੰਦਰ ਭੱਲੇ ਕੇ ਲਾਨੇ 'ਚੋਂ ਈ ਜੀਹਨੂੰ ਅੰਗਰੇਜ਼ੀ ਵਿੱਚ Cousin ਕਹਿੰਦੇ ਐ,, ਉਹਦਾ ਨਾਮ ਵੀ ਜਸਵਿੰਦਰ ਸਿੰਘ ਭੱਲਾ ਈ ਐ। ਏਸ ਜਸਵਿੰਦਰ ਭੱਲੇ ਨੂੰ ਗਾਉਣ ਦਾ ਬੜਾ ਸ਼ੌਂਕ ਸੀ ਨਾਲੋ ਨਾਲ ਲਿਖਣ ਦਾ ਵੀ। ਇਹਨੇ ਡੀ ਫਾਰਮੇਸੀ ਕਰਕੇ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਦੀ ਐਮ ਏ ਕਰ ਲਈ। ਜਸਵਿੰਦਰ ਭੱਲਾ ਤੇ ਪਹਿਲਾਂ ਈ ਬੜਾ ਮਸ਼ਹੂਰ ਸੀ ਇਹਨੇ ਆਪਣਾ ਨਾਮ ਰੱਖ ਲਿਆ ਜਸਵਿੰਦਰ ਜੱਸੀ

ਗਾਇਕੀ ਦਾ ਸ਼ੌਕ ਜਸਵਿੰਦਰ ਨੂੰ ਖਿੱਚ ਕੇ ਪੈਰੀਟੋਨ ਕੰਪਨੀ ਦੇ ਮਾਲਕ Nirmal Singh ਕੋਲ ਲੈ ਗਿਆ। ਨਿਰਮਲ ਸਿੰਘ ਨੇ ਆਪਣੇ ਤਜਰਬੇ ਚੋਂ ਜਸਵਿੰਦਰ ਜੱਸੀ ਨੂੰ ਆਖਿਆ ਕਿ ਜੱਸੀ ਨਾਮ ਦੇ ਪਹਿਲਾਂ ਈ ਦੋ ਤਿੰਨ ਗਾਇਕ ਮਸ਼ਹੂਰ ਹੋ ਚੁੱਕੇ ਹਨ। ਤੇਰਾ ਘਰੇਲੂ ਨਾਮ ਕੀ ਐ ? ਜਸਵਿੰਦਰ ਕਹਿੰਦਾ ਜੀ ਲਾਲੀ । ਨਿਰਮਲ ਸਿੰਘ ਨੇ ਆਖਿਆ ਕਿ ਅੱਜ ਤੋਂ ਤੇਰਾ ਨਾਮ Lally Doraha ਵਾਲਾ ਰੱਖ ਦਿੱਤਾ। ਪੈਰੀਟੋਨ ਵਿਚ ਲਾਲੀ ਦੋਰਾਹੇ ਵਾਲੇ ਦੀ ਐਲਬਮ ਆਈ ਹਾਏ !ਮਰਗੇ। ਪਰ ਕੈਸਿਟ ਕੋਈ ਖਾਸ ਮਾਰਕਾ ਨਹੀਂ ਮਾਰ ਸਕੀ। ਇਸੇ ਤਰ੍ਹਾਂ ਉਸਦੀ ਆਪਣੀ ਆਵਾਜ਼ ਵਿੱਚ ਸੱਜਣਾਂ ਤਵੀਤ ਬਣ ਜਾ ਅਤੇ ਕੁੜੀਆਂ ਵੀ ਪਾਉਣ ਭੰਗੜਾ ਰਿਕਾਰਡ ਹੋਈਆਂ। ਟਾਈਮਜ਼ ਮਿਊਜ਼ਿਕ ਵਿੱਚ ਮਿਸ ਪੂਜਾ ਨਾਲ ਏਡਮਿਸ਼ਨ ਨਾਮ ਦੀ ਐਲਬਮ ਵੀ ਆਈ ਪਰ ਗੱਲ ਨਹੀਂ ਬਣੀ।

ਲਾਲੀ ਬਣਕੇ ਉਹਨੇ ਦੋਰਾਹੇ ਆਪਣਾ ਮੈਡੀਕਲ ਸਟੋਰ ਖੋਹਲ ਲਿਆ। ਜੋ ਅੱਜ ਵੀ ਸਫਲਤਾ ਪੂਰਵਕ ਚਲਾ ਰਿਹਾ ਐ। ਲਾਲੀ ਗੀਤਕਾਰ ਵੀ ਐ ਗਾਇਕ ਵੀ ਐ, ਹਾਰਮੋਨੀਅਮ ਤੇ ਤਬਲਾ ਵੀ ਬਾਖੂਬੀ ਵਜਾਉਂਦੈ। ਲਾਲੀ ਦਾ ਲਿਖਿਆ ਇਕ ਹੋਰ ਗੀਤ ਜੋ ਮੈਨੂੰ ਬਹੁਤ ਵੱਡਾ ਗੀਤ ਲਗਦੈ ਜਿਸਦੀ ਉਹ ਤਿਆਰੀ ਕਰ ਰਿਹੈ। ਜਲਦ ਹੀ ਉਹ ਆਪਣੇ ਲਿਖੇ ਗੀਤ ਨਾਲ ਆਪ ਹੀ ਗਾਕੇ ਅਗਲੀ ਪਾਰੀ ਦਾ ਆਗਾਜ਼ ਕਰੇਗਾ। ਲਾਲੀ ਦਾ ਇਹ ਗੀਤ ਕਾਫੀ ਦੇਰ ਤੋਂ ਤੂਤੜੇ ਦੀ ਧੂਣੀ ਵਾਂਗੂੰ ਧੁਖ ਰਿਹਾ ਐ ਪਰ ਇਕ ਦਿਨ ਭਾਂਬੜ ਜ਼ਰੂਰ ਬਣੇਗਾ। ਗੀਤ ਦੇ ਬੋਲ ਹਨ

ਅੰਬਰਾਂ ਚੋਂ ਕਿਵੇਂ ਡਿਗਦਾ ਪਾਣੀ, ਮੀਂਹ ਦਾ ਰੂਪ ਬਣਾਕੇ
ਕਿਵੇਂ ਦੇਂਦੀਆਂ ਦੁੱਧ ਨੇ ਮੱਝਾਂ, ਸੁੱਕੀ ਤੂੜੀ ਖਾਕੇ
ਪੰਛੀਆਂ ਕੋਲੇ ਉੱਡਣ ਲਈ ਆ ਜਾਂਦੇ ਕਿੱਥੋਂ ਖੰਭ ਨੇ
ਸਭ ਮਾਲਕ ਦੇ ਰੰਗ ਨੇ ਸੱਜਣਾਂ ਸਭ ਦਾਤੇ ਦੇ ਰੰਗ ਨੇ
ਜੰਗਲਾਂ ਵਿੱਚ ਫੁਲ ਖਿੜੇ ਕਰੋੜਾਂ, ਬਿਨਾਂ ਗਮਲਿਆਂ ਤੋਂ
ਐਡਾ ਅੰਬਰ ਕਿਵੇਂ ਖੜ੍ਹਾ ਏ, ਬਿਨਾਂ ਥਮਲਿਆਂ ਤੋਂ
ਸਾਇੰਸਦਾਨ ਸਾਰੇ ਜੱਗ ਦੇ, ਗਏ ਸੋਚ ਸੋਚ ਕੇ ਹੰਭ ਨੇ
ਸਭ ਮਾਲਕ ਦੇ ਰੰਗ ਨੇ ਸੱਜਣਾਂ ਸਭ ਦਾਤੇ ਦੇ ਰੰਗ ਨੇ
ਕਿਵੇਂ ਜੜ੍ਹਾਂ ਤੋਂ ਤਣਾ ਨਿਕਲਦਾ, ਕਿਵੇਂ ਤਣੇ ਚੋਂ ਟਾਹਣੀ
ਬਿਨ ਰਸਤਿਓਂ ਕਿੰਝ ਵੜ ਜਾਂਦੇ ਵਿੱਚ ਖੋਪੇ ਦੇ ਪਾਣੀ
ਬੱਲੀਆਂ ਵਿੱਚ ਦੱਸ ਕਣਕ ਦੇ ਦਾਣੇ, ਕਿੰਝ ਹੋ ਜਾਂਦੇ ਬੰਦ ਨੇ
ਸਭ ਮਾਲਕ ਦੇ ਰੰਗ ਨੇ ਸੱਜਣਾਂ ਸਭ ਦਾਤੇ ਦੇ ਰੰਗ ਨੇ
ਤਿੰਨਾਂ ਦੇ ਵਿੱਚ ਫਰਕ ਬੜਾ ਏ, ਸਾਰੀ ਦੁਨੀਆ ਮੰਨੇਂ
ਇੱਕੋ ਮਿੱਟੀ ਵਿੱਚ ਉੱਗਦੇ ਨੇ ਅੱਕ ਇਮਲੀ ਤੇ ਗੰਨੇ
ਅੱਕ ਕੌੜਾ, ਇਮਲੀ ਖੱਟੀ, ਗੰਨੇ ਕਿਉਂ ਮਿੱਠੇ ਖੰਡ ਨੇ
ਸਭ ਮਾਲਕ ਦੇ ਰੰਗ ਨੇ ਸੱਜਣਾਂ ਸਭ ਦਾਤੇ ਦੇ ਰੰਗ ਨੇ
ਥੱਕਗੀ ਸਾਇੰਸ #ਦੋਰਾਹੇ ਵਾਲੇ ਲਾਲੀ ਖੋਜਾਂ ਕਰਕੇ
ਕਿੱਥੋਂ ਆਉਂਦੈ ਬੰਦਾ ਜੰਮਕੇ, ਕਿੱਥੇ ਜਾਂਦੈ ਮਰਕੇ
ਭੇਤ ਇਹ ਸਾਰੇ ਦੇ ਸਾਰੇ, ਉਸਦੀ ਮੁੱਠੀ ਵਿੱਚ ਬੰਦ ਨੇ
ਸਭ ਮਾਲਕ ਦੇ ਰੰਗ ਨੇ ਸੱਜਣਾਂ ਸਭ ਦਾਤੇ ਦੇ ਰੰਗ ਨੇ

ਮੈਨੂੰ ਪੂਰਨ ਉਮੀਦ ਐ ਕਿ ਉਹ ਦਿਨ ਦੂਰ ਨਹੀਂ ਜਦੋਂ ਲਾਲੀ ਦੇ ਗੀਤ ਉਸਦੀ ਆਪਣੀ ਆਵਾਜ਼ ਵਿੱਚ ਲੋਕਾਂ ਦੇ ਗੀਤ ਬਣ ਜਾਣਗੇ ਬਾਕੀ ਸਭ ਮਾਲਕ ਦੇ ਰੰਗ ਨੇ

facebook
**ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ**

# ਉਮਰ ਨੂੰ ਝਕਾਨੀ ਦੇਣ ਆਲ਼ਾ ਗੱਭਰੂ ਜਸਵਿੰਦਰ ਮਾਨ

ਛਿਆਟਾਂ ਦਾ ਹੋ ਕੇ ਵੀ ਤੇਤੀਆਂ ਤੇ ਅੜ ਕੇ ਖੜਨ ਵਾਲ਼ਾ ਆਹ ਸਾਡੇ ਆਲ਼ਾ ਜਸਵਿੰਦਰ ਮਾਨ ਵੀ ਓਹਨਾ ਵਿੱਚੋਂ ਇਕ ਹੈ ਜਿਨ੍ਹਾਂ ਤੋਂ ਬੁਢਾਪਾ ਡਰ ਡਰ ਕੇ ਦੂਰ ਭਜਦੈ। ਇਹਨੂੰ ਪਹਿਨਣਾ ਵੀ ਆਉਂਦੈ ਤੇ ਹੰਢਾਉਣ ਵੀ ਆਉਂਦੈ। ਖਾਣਾ ਵੀ ਆਉਂਦੈ ਪੀਣਾ ਵੀ ਆਉਂਦੈ, ਵੱਡੀ ਗੱਲ ਇਹ ਕਿ ਖਾ ਪੀ ਕੇ ਪਚਾਉਣਾ ਵੀ ਆਉਂਦੈ। ਸਾਰੀ ਜਿੰਦਗੀ ਪੂਰੀ ਠੁੱਕ ਨਾਲ਼ ਜਿਉਂਣ ਵਾਲ਼ਿਆਂ ਵਿੱਚੋਂ ਇੱਕ ਹੈ ਸਾਡੇ ਆਲ਼ਾ ਮਾਨ। ਬਣ ਠਣ ਕੇ ਰਹਿਣਾ ਤੇ ਮੜਕ ਨਾਲ ਤੁਰਨਾ ਇਹਦਾ ਗਹਿਣਾ ਹੈ। ਇਹਦੇ ਬੋਲਾਂ ਵਿਚਲੀ ਗੜ੍ਹਕ ਤੇ ਤੋਰ ਵਿਚਲੀ ਮੜਕ ਇਹਨੂੰ ਹਾਣੀਆਂ ਦੀ ਢਾਣੀ ਵਿੱਚੋਂ ਨਿਵੇਕਲਾ ਬਣਾਉਂਦੀ ਐ। ਇਹਦੀ ਨਵਾਬੀ ਟੌਹਰ ਇਹਨੂੰ ਭੀੜ 'ਚੋਂ ਨਿਖੇੜਦੀ ਐ।



ਜਸਵਿੰਦਰ ਮਾਨ

ਆਪਣੇ ਪੁਲੀਸ ਅਫਸਰ ਮਿੱਤਰਾਂ ਬਲਜੀਤ ਸਿੱਧੂ ਅਤੇ ਸੁਖਦੇਵ ਵਿਰਕ ਨਾਲ਼ ਜੁੜ ਕੇ ਜਿਹੜੀਆਂ ਕੁਤਕੁਤਾਰੀਆਂ ਕਰਦੈ ਓਹ ਸੁਣਨ ਵਾਲਿਆਂ ਦੇ ਜਬਾੜੇ ਦੁਖਣ ਲਾ ਦਿੰਦੈ। ਇਹੀ ਹਾਲ ਇਹਦਾ ਮਿੱਤਰ ਮੰਡਲੀ ਦੀ ਜੁੜ ਬੈਠੀ ਢਾਣੀ ਵਿੱਚ ਹੁੰਦੈ। ਓਥੇ ਵੀ ਕਿਸੇ ਦੀ ਧਰੀ ਢਕੀ ਨਹੀਂ ਰਹਿਣ ਦਿੰਦਾ। ਚੂੰਢੀ ਵੱਢ ਕੇ ਪੀੜ ਨਾ ਹੋਣ ਦੇਣਾ ਇਹਦੀ ਕਲਾਕਾਰੀ ਹੈ।

ਹਾਸਿਆਂ ਦੇ ਬਾਦਸ਼ਾਹ ਦੀ ਜੁਆਨੀ ਦਾ ਰਾਜ ਵੀ ਇਹਦੀਆਂ ਘੁੱਤਿਤਾਂ ਨੇ। ਮਿੱਤਰ ਢਾਣੀ 'ਚ ਬੈਠੇ ਦੇ ਭਾਵੇਂ ਛਿੱਕਲ਼ਾ ਚਾੜ੍ਹ ਦਿਓ, ਇਹਦੀਆਂ ਛੁਰਲੀਆਂ ਮੋਰੀਆਂ ਵਿੱਚੋਂ ਦੀ ਮੱਲੋ ਜੋਰੀ ਬਾਹਰ ਆ ਜਾਂਦੀਆਂ ਨੇ।

( ਜਦੋਂ ਅਕਾਲੀ ਜਥੇਦਾਰਾਂ ਨੇ ਰੋਲ਼ੀ ਜਸਵਿੰਦਰ ਮਾਨ ਦੀ 26 ਜਨਵਰੀ)

ਸਕੂਲੀ ਸਮਿਆਂ ਦਾ ਇਹ ਮੇਰਾ ਜੂਨੀਅਰ ਰਿਹੈ। ਬੋਹਾ ਦੇ ਸਕੂਲੇ ਮੈਂ ਅੱਠਵੀਂ ਦਾ ਤੇ ਇਹ ਛੇਵੀਂ ਦਾ ਪਾੜ੍ਹਾ ਸੀ। ਓਹਨਾ ਦਿਨਾਂ ਵਿੱਚ 26 ਜਨਵਰੀ ਤੇ 15 ਅਗਸਤ ਦੇ ਦਿਹਾੜੇ ਬੜੇ ਚਾਅ ਨਾਲ਼ ਮਨਾਏ ਜਾਂਦੇ ਸੀ। 26 ਜਨਵਰੀ ਦਾ ਦਿਨ ਸੀ, ਸਕੂਲ ਦੇ ਅਧਿਆਪਕਾਂ ਨੇ ਬੜੀਆਂ ਤਿਆਰੀਆਂ ਕਰਵਾਈਆਂ ਸੀ। ਕਿਧਰੇ ਦੇਸ਼ ਭਗਤੀ ਦੇ ਗੀਤ ਸੰਗੀਤ ਕਿਧਰੇ ਗਿੱਧੇ ਭੰਗੜੇ ਤੇ ਡਰਾਮੇ। ਓਧਰ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਦਾ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਾਉਣ ਲਈ ਮਰਨ ਵਰਤ ਚੱਲ ਰਿਹਾ ਸੀ। ਗਾਦੜ ਪੱਤੀ ਦੇ ਜਥੇਦਾਰ ਜਵਾਲਾ ਸਿੰਘ ਤੇ ਜਥੇਦਾਰ ਜੋਗਿੰਦਰ ਸਿੰਘ ਆਪਣੀ ਟੀਮ ਨਾਲ਼ 26 ਜਨਵਰੀ ਦਾ ਵਿਰੋਧ ਕਰਨ ਲਈ ਕਾਲ਼ੀਆਂ ਝੰਡੀਆਂ ਲੈ ਕੇ ਆ ਗਏ। ਜਥੇਦਾਰ ਕਹਿਣ ਇੱਕ ਪਾਸੇ ਸਾਡਾ ਨੇਤਾ ਮਰ ਰਿਹੈ, ਦੂਜੇ ਪਾਸੇ ਇਹ ਖੁਸ਼ੀਆਂ ਮਨਾਈਆਂ ਜਾ ਰਹੀਆਂ ਨੇ। ਅਸੀਂ ਇਹ ਡਰਾਮੇ ਕਿਸੇ ਹਲਤ 'ਚ ਬਰਦਾਸ਼ਤ ਨਹੀਂ ਕਰਾਂਗੇ। ਸਕੂਲੀ ਪਾੜ੍ਹਿਆਂ ਦੇ ਪੈ ਗਈ ਰੰਗ 'ਚ ਭੰਗ। ਪੰਦਰਾਂ ਦਿਨ ਦੀਆਂ ਤਿਆਰੀਆਂ ਨੂੰ ਬਰੇਕਾਂ ਲੱਗ ਗਈਆਂ। ਜਦੋਂ ਕੋਈ ਮਾਈਕ ਤੇ ਬੋਲੇ ਤਾਂ ਜਥੇਦਾਰ ਮੁਰਦਾਬਾਦ ਦੇ ਨਾਹਰੇ ਚੱਕ ਦੇਣ। ਸਕੂਲ ਦੇ ਹੈੱਡ ਮਾਸਟਰ ਨੇ ਮਿੰਨਤਾਂ ਕਰ ਕੇ ਜਥੇਦਾਰਾਂ ਨੂੰ ਮਨਾ ਲਿਆ। ਦੋ ਚਾਰ ਕੁ ਗੀਤ ਓਹਨਾ ਸੁਣੇ, ਉਸ ਤੋਂ ਬਾਅਦ ਵਾਰੀ ਆ ਗਈ ਜਸਵਿੰਦਰ ਦੀ। ਓਦੋਂ ਅਜੇ ਇਹ ਮਾਨ ਨਹੀਂ ਸੀ ਬਣਿਆ। ਇਹਦੇ ਗੀਤ ਦੇ ਬੋਲ ਸੀ ਉੱਚਾ ਝੁੱਲ ਤਿੰਨ ਰੰਗਿਆ ਤੇਰੇ ਗੀਤ ਮੈਂ ਖੁਸ਼ੀ ਦੇ ਗਾਵਾਂ। ਜਦੋਂ ਇਹਨੇ ਤਿਰੰਗੇ ਝੰਡੇ ਵੱਲ ਹੱਥ ਕਰਕੇ ਗਾਉਣਾਂ ਸ਼ੁਰੂ ਕੀਤਾ ਤਾਂ ਜਥੇਦਾਰਾਂ ਨੇ ਮੁਰਦਾਬਾਦ ਦੇ ਨਾਹਰਿਆਂ ਨਾਲ ਸਕੂਲ ਡੇਗਣ ਆਲ਼ਾ ਕਰਤਾ। ਗੀਤ ਗੂਤ ਤਾਂ ਵਿੱਚੇ ਰੋਲ਼ਤਾ ਜਸਵਿੰਦਰ ਵਿਚਾਰੇ ਦੀਆਂ ਸਟੇਜ ਤੇ ਖੜ੍ਹੇ ਦੀਆਂ ਲੱਤਾਂ ਕੰਬਣ। ਸਾਰਾ ਪ੍ਰੋਗਰਾਮ ਓਥੇ ਹੀ ਬੰਦ ਕਰਨਾ ਪਿਆ। ਸਕੂਲੀ ਸਮਿਆਂ ਦੀ ਓਹ ਸਭ ਤੋਂ ਫਿੱਕੀ 26 ਜਨਵਰੀ ਸੀ ਜਿਹੜੀ ਧੂੰਮ ਧਾਮ ਨਾਲ਼ ਮਨਾਉਣੋਂ ਖੁੰਝ ਗਈ।

ਹੁਣ ਜਦੋਂ ਕਦੀ ਮਿੱਤਰਾਂ ਦੀ ਢਾਣੀ ਵਿੱਚ ਮਾਨ ਦੇ ਟੋਟਕੇ ਛੱਡਣ ਦੀਆਂ ਲੂਹਰੀਆਂ ਉੱਠਦੀਆਂ ਨੇ ਤਾਂ ਮੈਂ ਓਹ 26 ਜਨਵਰੀ ਯਾਦ ਕਰਵਾ ਦਿਨਾਂ। ਹਾਜ਼ਰ ਜਵਾਬੀ ਦਾ ਧਨੀ ਜਸਵਿੰਦਰ ਝੱਟ ਮੋੜ ਕਰਦਾ ਕਹਿ ਦਿੰਦੈ ਇਹਦੇ 'ਚ ਬੋਹਾ ਇਲਾਕੇ ਦਾ ਬਹੁਤ ਵੱਡਾ ਨੁਕਸਾਨ ਹੋਇਐ, ਜਿਹੜਾ ਇੱਕ ਉੱਭਰਦੇ ਕਲਾਕਾਰ ਦੀ ਕਲਾ ਨੂੰ ਕਲਾ ਨੂੰ ਕੁਚਲ਼ ਗਿਆ। ਖੇਡਾਂ ਖੇਡਣ ਵੇਲ਼ੇ ਖਿਡਾਰੀ ਵਿਰੋਧੀ ਖਿਡਾਰੀਆਂ ਨੂੰ ਝਕਾਨੀਆਂ ਦਿੰਦੇ ਬਹੁਤ ਵੇਖੇ ਨੇ ਪਰ ਉਮਰ ਨੂੰ ਝਕਾਨੀ ਦੇਣ ਵਾਲ਼ਿਆਂ 'ਚੋਂ ਮੋਹਰੀ ਹੈ ਇਹ ਗੱਭਰੂ। ਸੁਣਨ 'ਚ ਤਾਂ ਇਹ ਵੀ ਆਇਐ ਕਿ ਜਦੋਂ ਇਹਦੇ ਬੇਟੇ ਨੂੰ ਰਿਸ਼ਤਾ ਕਰਨ ਆਏ ਤਾਂ ਕੁੜੀ ਵਾਲ਼ੇ ਪਰਿਵਾਰ ਨੂੰ ਇਹ ਨਾ ਪਤਾ ਲੱਗੇ ਕਿ ਮੁੰਡਾ ਕਿਹੜੈ, ਭਲਾ ਹੋਵੇ ਵਿਚੋਲੇ ਦਾ ਜਿਸ ਨੇ ਦੁਬਿਧਾ ਦੂਰ ਕੀਤੀ। ਮੰਡੀ ਬੋਰਡ ਦੇ ਐਕਸੀਅਨ ਵਜੋਂ ਰਿਟਾਇਰ ਹੋਏ ਸਾਡੇ ਇਸ ਮਿੱਤਰ ਦੀ ਜੁਆਨੀ ਤੇ ਮਾਣ ਹੈ। ਇਵੇਂ ਹੀ ਹਾਸੇ ਵੰਡਦਾ ਰਹੇ ਤੇ ਸਦਾ ਹਸਦਾ ਹਸਾਉਂਦਾ ਰਹੇ।

**ਕੁਲਵੰਤ ਬੁਢਲਾਡਾ ਦੀ**
**ਫੇਸਬੁੱਕ ਤੋਂ ਕਾਪੀ ਕੀਤਾ ਗਿਆ**




# ਹਾਸਿਆਂ ਤੇ ਹਾਦਸਿਆਂ ਦੀ ਭੀੜੀ ਬੀਹੀ ਵਿੱਚੋਂ ਗੁਜ਼ਰਨਾ ਪਿਆ।

**ਹੋਣ ਦਿੰਦੇ ਨਾ ਜੁਦਾ ਐਸੇ ਵੀ ਹੁੰਦੇ ਫਾਸਲੇ**
**ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।**
**(ਅਜੇ ਤਨਵੀਰ)**

ਬਾਬਾ ਨਾਨਕ ਨੇ ਜਿਸ ਮਨ ਨੂੰ ਜਿੱਤਣ ਦਾ ਸੰਦੇਸ਼ ਸਿਰਜਿਆ ਹੈ ਉਸ ਦੀ ਥਾਹ ਪਾਉਣੀ ਔਖੀ ਹੈ। ਸਾਡਾ ਚੰਚਲ ਮਨ ਫੋਨ ਉੱਤੇ ਬਦਲ ਰਹੀਆਂ ਰੀਹਲਾਂ ਵਾਂਗ ਕਦੇ ਤੋਲ਼ਾ ਕਦੇ ਮਾਸਾ ਹੋਈ ਜਾਂਦਾ ਹੈ। ਮਨ ਕਰਦਾ ਹੈ ਬਾਬੇ ਨੂੰ ਆਖਾਂ 'ਬਾਬਾ ਤੇਰਾ ਸਿੱਖ ਕਹਾਉਣਾ ਔਖਾ ਹੈ, ਅੰਦਰ-ਬਾਹਰ ਇੱਕ ਬਨਾਉਣਾ ਹੋਰ ਵੀ ਔਖਾ ਹੈ।'ਜਦ ਅੱਖਾਂ ਮੀਚਣ 'ਤੇ ਅੰਦਰਲੀ ਤਾਕੀ ਖੁੱਲ੍ਹਦੀ ਕਿਸੇ ਹੋਰ ਹੀ ਅਣਦਿਸਦੇ ਸੰਸਾਰ ਤੱਕ ਲੈ ਜਾਂਦੀ ਹੈ। ਪਰ ਦਿਸਦਾ ਸੰਸਾਰ ਜਿਵੇਂ ਇੱਕ ਤਮਾਸ਼ਾ, ਇੱਕ ਡਰਾਮਾ ਜਾਂ ਬਸ ਪਲੋ-ਪਲੀ ਦਾ ਇੱਕ ਮੇਲਾ ਹੋਵੇ। ਮੈਂ ਇਸ ਬਾਰੇ ਇੱਕ ਨਿੱਜੀ ਅਨੁਭਵ ਸਾਂਝਾ ਕਰਨਾ ਚਾਹ ਰਹੀ ਹਾਂ,ਜਦੋਂ ਮੇਰੀ ਦੋ-ਫਾੜ ਹੋਈ ਮਾਨਸਿਕਤਾ ਨੂੰ ਜਿਵੇਂ ਦੋ-ਧਾਰੀ ਤਲਵਾਰ 'ਤੇ ਨੰਗੇ ਪੈਰੀਂ ਚੱਲਣ ਜਿਹੇ ਪਲ ਹੰਢਾਉਣੇ ਪਏ। ਪਿਛਲੇ ਦਿਨੀਂ ਮੈਂ ਪੇਕਿਆਂ ਦੇ ਕਿਸੇ ਵਿਆਹ ਵਿੱਚ ਪੂਰੇ ਜਲੌਅ ਨਾਲ਼ ਸ਼ਾਮਲ ਹੋਣ ਗਈ। ਪੁਰਾਣੀਆਂ ਨਿੱਘੀਆਂ ਸਾਂਝਾਂ ਨੂੰ ਕਈ ਸਾਲਾਂ ਮਗਰੋਂ ਸੱਜਰਾ ਕਰਨਾ ਵੱਖਰਾ ਹੀ ਅਨੰਦਮਈ ਸੀ। ਪਿਘਲਦੀ ਮੋਮਬੱਤੀ ਵਰਗੇ ਅਜਿਹੇ ਪਲਾਂ ਵਿੱਚ ਫੋਨ 'ਤੇ ਇੱਕ ਮਨਹੂਸ ਖ਼ਬਰ ਮੇਰੇ ਤੱਕ ਅੱਪੜੀ ਕਿ ਮੇਰੀ ਛੋਟੀ ਭੈਣ ਜਹਾਨੋਂ ਤੁਰ ਗਈ ਹੈ। ਪਲ-ਦੋ-ਪਲ ਲਈ ਮੈਂ ਆਪਣੇ ਆਪ ਨੂੰ ਦੱਸ ਨਾ ਸਕੀ ਕਿ ਹੁਣ ਰੋਵਾਂ ਕਿ ਹੱਸਾਂ। ਸ਼ਗਨਾਂ ਭਰੇ ਘਰ ਵਿੱਚ ਦਸਤੂਰ ਅਨੁਸਾਰ ਰੋਣਾ ਮਨ੍ਹਾਂ ਹੁੰਦਾ ਹੈ। ਮੇਰੇ ਮਨ ਵਿੱਚ ਉਠਦੇ ਵਾ-ਵਰੋਲ਼ੇ ਮੈਨੂੰ ਰੋਣ-ਹੱਸਣ ਤੋਂ ਵਰਜ ਰਹੇ ਸਨ। ਨਾਂਹ-ਨਾਂਹ ਕਰਦਿਆਂ ਵੀ ਮੇਰੀਆਂ ਭਰੀਆਂ ਅੱਖਾਂ ਦੇ ਕੋਇਆਂ ਨੇ ਕੁੱਝ ਹੰਝੂ ਕੇਰ ਦਿੱਤੇ। ਅੰਦਰ ਡੱਕਿਆ ਰੋਣ ਮੇਰੀ ਸਾਹ-ਨਾੜੀ ਵਿੱਚ ਚੁਭਦਾ ਲਗਦਾ ਸੀ। ਓਥੇ ਹੀ ਮੇਰਾ ਭਾਣਜਾ ਆਇਆ ਹੋਇਆ ਸੀ। ਅਸੀਂ ਦੋਵਾਂ ਨੇ ਉਸ ਘਰ ਤੋਂ ਬਾਹਰ ਜਾ ਕੇ ਕਲਾਵੇ ਵਿੱਚ ਆਪੋ ਆਪਣਾ ਦਰਦ ਵੰਡਾਇਆ। ਉਹ ਮੇਰੇ 'ਚੋਂ ਆਪਣੀ ਮਾਂ ਟੋਲ਼ਦਾ ਸੀ, ਮੈਂ ਉਸ ਤੋਂ ਆਪਣੀ ਗਵਾਚੀ ਭੈਣ ਤਲਾਸ਼ਦੀ ਰਹੀ। ਰਾਤ ਦੀ ਬੁੱਕਲ਼ ਵਿੱਚ ਘਰੋਂ ਬਾਹਰ ਅਸੀਂ ਦੋਵਾਂ ਨੇ ਧਾਹਾਂ ਮਾਰੀਆਂ। ਸੜਕ ਦਾ ਉਹ ਟੋਟਾ ਸਾਡੇ ਹੰਝੂਆਂ ਦੀ ਪਨਾਹ ਬਣਿਆਂ। ਉਸ ਘਰ ਦੇ ਅੰਦਰ ਜਾ ਕੇ ਵਧਾਈਆਂ ਦਿੱਤੀਆਂ। ਆਪਣੇ ਆਪ ਨੂੰ ਉਸ ਨਾਜ਼ਕ ਦੌਰ ਦੇ ਮੇਚ ਦਾ ਕੀਤਾ। ਹਾਸਿਆਂ ਤੇ ਹਾਦਸਿਆਂ ਦੀ ਭੀੜੀ ਬੀਹੀ ਵਿੱਚੋਂ ਗੁਜ਼ਰਨਾ ਪਿਆ।ਕਹਿੰਦੇ ਹਨ ਸਰਸਾ ਤਾਂ ਸਭ ਦੀ ਜ਼ਿੰਦਗੀ ਵਿੱਚ ਆਉਂਦੀ ਹੈ ਪਰ ਤਰਨੀ ਕੇਵਲ ਦਸਵੇਂ ਪਾਤਸ਼ਾਹ ਨੂੰ ਹੀ ਆਈ ਸੀ। ਇੱਕ ਵਾਰੀ ਕਿਸੇ ਨਰਸ ਨੇ ਕਿਹਾ ਸੀ ਇਸ ਜੱਗ 'ਤੇ ਜਨਮ ਲੈਂਦਾ ਬੱਚਾ ਜਦ ਅੱਖਾਂ ਖੋਲ੍ਹਦਾ ਹੈ, ਪਹਿਲੀ ਵਾਰੀ ਸਾਨੂੰ ਹੀ ਵੇਖਦਾ ਹੈ ਤੇ ਜਦੋਂ ਬੰਦਾ ਇਸ ਜੱਗ ਤੋਂ ਜਾਂਦਾ ਹੈ ਅਸੀਂ ਹੀ ਪੋਟਿਆਂ ਨਾਲ਼ ਅੱਖਾਂ ਬੰਦ ਕਰ ਕੇ ਵਿਦਾ ਵੀ ਕਰਦੇ ਹਾਂ। ਮੈਨੂੰ ਦੋਵਾਂ ਵਿੱਚਕਾਰ ਗੁਜ਼ਰਨਾ ਪਿਆ। ਉਸ ਸਮੇਂ ਦੀ ਸਰਦਲ 'ਤੇ ਖੜ੍ਹੇ ਜੋੜੇ ਦੀਆਂ ਭਵਿੱਖੀ ਆਸਾਂ ਦੀ ਗੂੰਜ ਸੁਣਦੀ ਰਹੀ ਤੇ ਇਕੱਲੀ ਬੈਠ ਕੇ ਬਾਬਲ ਵਿਹੜੇ ਬੀਤੇ ਇਤਿਹਾਸ ਨਾਲ਼ ਆਪਣੀ ਭੈਣ ਦੀਆਂ ਕੱਚ ਦੇ ਟੁਕੜਿਆਂ ਵਰਗੀਆਂ ਯਾਦਾਂ ਫਰੋਲ਼ਦੀ ਰਹੀ। ਮੈਂ, ਜੋ ਦੂਜਿਆਂ ਨੂੰ ਬੋਲਾਂ ਨਾਲ਼ ਉੱਠਣ ਦਾ ਸਬਕ ਸਿਖਾਉਂਦੀ ਹੁੰਗਾਰਾ ਬਟੋਰਦੀ ਸੀ, ਹੁਣ ਆਪ ਉਨ੍ਹਾਂ ਲੋਕਾਂ ਦੀ ਲੋੜ ਭਾਲ਼ਦੀ ਸੀ।ਭਰੀ ਸਭਾ ਵਿੱਚ ਇਕੱਲੀ ਕਾਲ਼ਜਾ ਠਾਰਨ ਵਾਲ਼ਾ ਹੱਥ ਸਿਰ 'ਤੇ ਰੱਖਿਆ ਭਾਲ਼ਦੀ ਸੀ। ਕੋਈ ਮਾਂ ਵਰਗਾ ਥਾਪੜਾ ਚਾਹੀਦਾ ਸੀ। ਵਿਆਹ ਦੇ ਚਾਵਾਂ ਵਿੱਚ ਦੁਆਲ਼ੇ ਲੋਕ ਚਟਖ ਲਿਬਾਸ ਵਿੱਚ ਅੱਡੀਆਂ ਦੀ ਗੂੰਜ ਅਸਮਾਨੀਂ ਬੀਜ ਦੇਣ ਜਿਹੀਆਂ ਲੂਹਰੀਆਂ ਵਾਲ਼ੇ ਸਨ। ਉਨ੍ਹਾਂ ਕੋਲ਼ ਮੈਂ ਮਸੋਸੇ ਮੂੰਹ ਨਾਲ਼ ਹਾਜ਼ਰ ਨਹੀਂ ਹੋ ਸਕਦੀ ਸੀ। ਬਰਜਿੰਦਰ ਚੁਹਾਨ ਦੀ ਸਤਰ ਦੇ ਰੂ-ਬ-ਰੂ ਸੀ -

**ਹਸਦੇ ਹਸਦੇ ਜੋ ਰੋਇਆ ਹੋਵੇਗਾ / ਸੱਚ ਜਾਣਿਓਂ**
**ਉਸ ਨੇ ਬਹੁਤ ਕੁੱਝ ਖੋਇਆ ਹੋਵੇਗਾ।**

ਇਸ ਤਰ੍ਹਾਂ ਦਾ ਦੋਰਾਹਾ ਸਭ ਮੂਹਰੇ ਆਇਆ ਹੋਵੇਗਾ, ਜਦ ਮੱਥੇ ਨਾਲ਼ ਸੁਪਨਿਆਂ ਦੀਆਂ ਪੈਲਾਂ ਪੈ ਰਹੀਆਂ ਹੁੰਦੀਆਂ ਨੇ ਪਰ ਸੀਨੇ 'ਤੇ ਕਾਲ਼ੇ ਬੱਦਲ਼ ਮੰਡਰਾ ਰਹੇ ਹੋਣ। ਉਸ ਸਮੇਂ ਘਰ ਦੇ ਅੰਦਰ ਤੇ ਬਾਹਰਲੀ ਦੁਨੀਆਂ ਦੋ ਵੱਖ-ਵੱਖ ਸੰਸਾਰ ਹੋ ਖੜ੍ਹੀਆਂ ਸਨ। ਹਾਸਿਆਂ ਨਾਲ਼ ਹਾਸਾ ਰਲ਼ਾ ਲੈਣਾ ਮੇਰੇ ਸਾਹਾਂ ਦੀ ਮਜਬੂਰੀ ਸੀ। ਉਸ ਸਮੇਂ ਕਈ ਦਲੀਲਾਂ, ਦਿਮਾਗ਼ੀ ਜੁਗਤਾਂ ਅਤੇ ਦਿਲੀ ਖ਼ਾਹਿਸ਼ਾਂ ਮੇਰੇ ਅੰਦਰ ਜਵਾਰਭਾਟਾ ਬਣ ਰਹੀਆਂ ਸਨ। ਮੈਂ ਆਪਣੇ ਆਪ ਨੂੰ ਹੀ ਥਾਪੜਾ ਦੇ ਕੇ ਸਭ ਕੁੱਝ ਬੋਚ ਲਿਆ। ਵਕਤ ਦੀ ਨਜ਼ਾਕਤ ਨੇ ਮੈਨੂੰ ਸਭ ਕੁੱਝ ਸਿਖਾ ਧਰਿਆ ਹੈ। ਕਿਸੇ ਵਿਛੋੜੇ ਦਾ ਪੈਂਦਾ ਹੌਲ, ਕਲ਼ੇਜੇ ਪੈਂਦੀ ਧੂਹ ਨੂੰ ਅਸੀਸਾਂ ਤੇ ਧਰਵਾਸਾਂ ਵਿੱਚ ਬਦਲਣਾ ਔਖਾ ਤਾਂ ਹੈ ਪਰ ਨਾ-ਮੁਮਕਿਨ ਨਹੀਂ। ਮੈਂ ਇਸ ਹੋਏ ਇਮਤਿਹਾਨ ਦੀ ਗਵਾਹ ਬਣੀ ਹਾਂ

**ਕਿਤਨਾ ਕੁੱਝ ਗੁਆਚ ਗਿਆ ਰੇਤਲੇ ਜੇ ਰਾਹਵਾਂ ਵਿੱਚ**
**ਕਾਫ਼ੀ ਕੁੱਝ ਸਾਂਭ ਲਿਆ ਸੀਨੇ ਤੇ ਸਾਹਵਾਂ ਵਿੱਚ।**
**(ਕੁਲਵੰਤ ਔਜਲਾ)**

# ਸਕਾਈਵਿਊ ਸੀਨੀਅਰ ਵੈਲਫੇਅਰ ਐਸੋਸੀਏਸ਼ਨ ਕੈਲਗਰੀ ਦਾ ਸਾਲਾਨਾ ਇਜਲਾਸ ਹੋਇਆ, ਚੰਦ ਸਿੰਘ ਸਦਿਓੜਾ ਹੀ ਮੁੜ ਪ੍ਰਧਾਨ ਚੁਣੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਸਕਾਈਵਿਊ ਸੀਨੀਅਰ ਵੈਲਫੇਅਰ ਐਸੋਸੀਏਸ਼ਨ ਕੈਲਗਰੀ ਦਾ ਸਾਲਾਨਾ ਅਜਲਾਸ ਮੈਂਬਰਾਂ ਦੀ ਭਰਪੂਰ ਹਾਜ਼ਰੀ ਵਿੱਚ ਹੋਇਆ। ਜਨਰਲ ਸਕੱਤਰ ਸਵਰਨ ਸਿੰਘ ਧਾਲੀਵਾਲ ਵੱਲੋਂ ਐਸੋਸੀਏਸ਼ਨ ਦੇ ਪਿਛਲੇ ਸਾਲ ਦੀ ਕਾਰਵਾਈ ਅਤੇ ਆਮਦਨ ਖਰਚਿਆਂ ਦੀ ਵਿਸਥਾਰਤ ਰਿਪੋਰਟ ਪੇਸ਼ ਕੀਤੀ ਗਈ। ਉਹਨਾਂ ਦੱਸਿਆ ਕਿ ਬਜ਼ੁਰਗਾਂ ਦੀ ਸਿਹਤ ਸਬੰਧੀ ਕਸਰਤ ਤੇ ਯੋਗਾ ਸੈਸ਼ਨ ਕਰਵਾਏ ਗਏ। ਇਲਾਕੇ ਦੀ ਸਾਫ ਸਫਾਈ ਮਿਸ਼ਨ ਦੇ ਵਿੱਚ ਇਹ ਸੰਸਥਾ ਵੱਲੋਂ ਵੀ ਯੋਗਦਾਨ ਪਾਇਆ ਜਾ ਰਿਹਾ ਹੈ। ਬੁਲਾਰਿਆਂ ਦੇ ਦੌਰ ਵਿੱਚ ਡਾਕਟਰ ਇਕਬਾਲ ਸਿੰਘ ਸਕਰੋਦੀ ਨੇ ਦੋ ਪੰਜਾਬੀ ਕਵਿਤਾਵਾਂ ਸੁਣਾ ਕੇ ਹਾਜ਼ਰੀ ਲਗਵਾਈ। ਜਗਜੀਤ ਸਿੰਘ ਖਹਿਰਾ ਨੇ ਪੱਗ ਦੀ ਪਹਿਚਾਣ ਅਤੇ ਸੱਭਿਆਚਾਰ ਦੀਆਂ ਗੱਲਾਂ ਕਰਦਿਆਂ ਪੰਜਾਬੀ ਲਤੀਫਿਆਂ ਨਾਲ ਸਾਂਝ ਪਾ ਕੇ ਸਭ ਦੇ ਢਿੱਡੀ ਪੀੜਾਂ ਪਾ ਦਿੱਤੀਆਂ। ਰੇਡੀਓ ਰੈਡ ਐਫਐਮ ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਬਜ਼ੁਰਗਾਂ ਦੀ ਸਿਹਤ ਸੰਭਾਲ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਪਹਿਰਾਵੇ ਬਾਰੇ ਵੀ ਟਿੱਪਣੀਆਂ ਕੀਤੀਆਂ। ਸਤਨਾਮ ਸ਼ੇਰ ਗਿੱਲ ਨੇ ਐਸੋਸੀਏਸ਼ਨ ਦੇ ਉਸ਼ਾਰੂ ਕੰਮਾਂ ਦੀ ਵਧਾਈ ਦਿੰਦਿਆਂ ਅਲਬਰਟਾ ਵਿੱਚ ਆ ਰਹੇ ਰੈਫਰੈਂਡਮ ਬਾਰੇ ਚੌਕੰਨਾ ਕੀਤਾ। ਪਰਮਜੀਤ ਸਿੰਘ ਭੰਗੂ ਨੇ




ਜੋਸ਼ ਭਰਪੂਰ ਇਨਕਲਾਬੀ ਕਵਿਤਾ ਪੇਸ਼ ਕੀਤੀ। ਸਾਰੀਆਂ ਹੀ ਸੰਸਥਾਵਾਂ ਵਿੱਚ ਵਿਸ਼ੇਸ਼ ਮਹਿਮਾਨ ਵੱਜੋਂ ਜਾਣੇ ਜਾਂਦੇ ਸਰਦਾਰ ਬਿੱਕਰ ਸਿੰਘ ਸੰਧੂ ਨੇ ਸੰਸਥਾਵਾਂ ਦੇ ਕੀਤੇ ਜਾ ਰਹੇ ਸਹਿਯੋਗ ਲਈ ਬਚਨ ਵੱਧਤਾ ਪ੍ਰਗਟ ਕੀਤੀ। ਅਣਥੱਕ ਮਿਹਨਤੀ ਵਰਕਰ ਨਾਡੀਆ ਸਰਾਟਾ ਜੋ ਕਿ ਕਮਿਊਨਿਟੀ ਵਿੱਚ ਇਧਰ ਉਧਰ ਖਿਲਰੇ ਕੂੜੇ ਦੀ ਸਫਾਈ ਲਈ ਹਰ ਵੇਲੇ ਕੰਮ ਕਰਦੀ ਨਜ਼ਰ ਆਉਂਦੀ ਹੈ, ਨੂੰ ਸੰਸਥਾ ਵੱਲੋਂ ਇੱਕ ਮਾਣ ਪੱਤਰ ਅਤੇ ਸੌ ਡਾਲਰ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਸ: ਚੰਦ ਸਿੰਘ ਸਦਿਓੜਾ ਨੇ ਸਮੂਹ ਹਾਜਰੀਨ ਦਾ ਧੰਨਵਾਦ ਕੀਤਾ। ਚੋਣ ਅਬਜਰਵਰ ਗੁਰਬਚਨ ਸਿੰਘ ਬਰਾੜ ਨੇ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਪੁਰਾਣੀ ਕਮੇਟੀ ਉੱਪਰ ਹਾਜਰੀਨ ਵੱਲੋਂ ਇਤਰਾਜ਼ ਮੰਗੇ ਗਏ ਪਰ ਕੋਈ ਇਤਰਾਜ ਨਾ ਹੋਣ ਕਾਰਨ ਪੁਰਾਣੀ ਕਮੇਟੀ ਨੂੰ ਹੀ ਮੁੜ ਬਹਾਲ ਕਰ ਦਿੱਤਾ ਗਿਆ ਜੋ ਕਿ ਅਗਲੇ ਆਉਣ ਵਾਲੇ ਸਮੇਂ ਲਈ ਸੰਸਥਾ ਦਾ ਕੰਮਕਾਰ ਪਹਿਲਾਂ ਦੀ ਤਰ੍ਹਾਂ ਚਲਾਉਂਦੀ ਰਹੇਗੀ।

# ਮੋਰ ਦੇ ਖੰਭ ਤੇ ਬਹੁਰੂਪੀਏ ਦਾ ਬਾਣਾ..!




**ਹਰਫੂਲ ਸਿੰਘ ਭੁੱਲਰ**
ਮੰਡੀ ਕਲਾਂ 9876870157

ਮੋਰ ਤੇ ਬਹੁਰੂਪੀਏ ਦਾ ਕੋਈ ਅਸਲ ਜਾਂ ਕੁਦਰਤੀ ਆਪਸੀ ਸਬੰਧ ਨਹੀਂ ਹੈ। ਸਿਰਫ਼ ਵਾਰਤਕ ਵਿੱਚ ਬਣਾਈ ਗਈ ਰੂਪਕ/ਤੁਲਨਾ ਹੈ।

* ਮੋਰ ਆਪਣੇ ਰੂਪ, ਖੰਭਾਂ ਅਤੇ ਧਾਰਮਿਕ ਸੱਭਿਆਚਾਰਕ ਪ੍ਰਤੀਕਾਂ ਕਰਕੇ ਕਈ ਲੋਕਾਂ ਦੀ ਨਜ਼ਰ ਵੱਲੋਂ ਪਵਿੱਤਰਤਾ ਨਾਲ ਜੋੜਿਆ ਜਾਂਦਾ ਹੈ।

* ਬਹੁਰੂਪੀਆ ਇੱਥੇ ਉਸ ਮਨੁੱਖ ਲਈ ਰੂਪਕ ਹੈ ਜੋ ਪਵਿੱਤਰ ਬਾਣਾ, ਅਹੁਦਾ ਜਾਂ ਧਾਰਮਿਕ ਦਿੱਖ ਧਾਰ ਕੇ ਪਵਿੱਤਰ ਹੋਣ ਦਾ ਪ੍ਰਭਾਵ ਪੈਦਾ ਕਰਦਾ ਹੈ, ਪਰ ਉਸ ਦੇ ਕਰਮ ਉਸ ਦਿੱਖ ਨਾਲ ਮੇਲ ਨਹੀਂ ਖਾਂਦੇ।

* ਦੋਵਾਂ ਨੂੰ ਜੋੜਨ ਵਾਲੀ ਗੱਲ ਇਹ ਹੈ ਕਿ ਸਿਰਫ਼ ਬਾਹਰੀ ਦਿੱਖ ਤੋਂ ਪਵਿੱਤਰਤਾ ਦੀ ਧਾਰਨਾ ਪ੍ਰਚਲਿਤ ਹੋ ਜਾਣਾ ਹੈ। ਮੋਰ ਜੋ ਹੈ, ਓਹੀ ਹੈ ਬਹੁਰੂਪੀਆ ਨਹੀਂ, ਮੋਰ ਕੁਦਰਤ ਦਾ ਜੀਵ ਹੈ, ਉਹ ਕੋਈ ਨਕਾਬ ਨਹੀਂ ਪਾਉਂਦਾ, ਨਾ ਆਪਣੇ ਆਪ ਨੂੰ ਪਵਿੱਤਰ ਸਾਬਤ ਕਰਨ ਦਾ ਦਾਅਵਾ ਕਰਦਾ ਹੈ। ਬਹੁਰੂਪੀਆ ਬਣ ਜਾਣਾ ਮਨੁੱਖੀ ਮਨ ਦੀ ਚੋਣ ਹੈ, ਤੇ ਵਰਤਾਓ ਦਾ ਰੂਪਕ ਹੈ। ਸੋ

ਮੋਰ ਨੂੰ ਉਸਦੇ ਖੰਭਾਂ ਕਰਕੇ ਪਵਿੱਤਰ ਸਮਝ ਲੈਣਾ ਕੁਦਰਤ ਦੀ ਸੁੰਦਰਤਾ ਹੈ। ਪਰ ਮਨੁੱਖ ਨੂੰ ਸਿਰਫ਼ ਉਸ ਦੇ ਚੋਲੇ ਕਰਕੇ ਪਵਿੱਤਰ ਸਮਝ ਲੈਣਾ ਸਾਡੀ ਅਣ-ਗਹਿਲੀ ਹੈ।

ਮੋਰ ਨੂੰ ਵੇਖ ਕੇ ਸਧਾਰਨ ਮਨ ਵਿੱਚ ਸੁੰਦਰਤਾ ਆਉਂਦੀ ਹੈ, ਪਵਿੱਤਰਤਾ ਦਾ ਅਹਿਸਾਸ ਹੁੰਦਾ ਹੈ। ਉਸ ਦੇ ਖੰਭਾਂ ਨੂੰ ਧਾਰਮਿਕ ਸਥਾਨਾਂ ਵਿੱਚ ਸ਼ੁੱਧਤਾ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ। ਲੋਕ ਮੋਰ ਦੀ ਤਸਵੀਰ ਵਿੱਚ ਵੀ ਰੱਬੀ ਰੰਗ ਦੇਖ ਲੈਂਦੇ ਨੇ। ਪਰ ਮੋਰ ਵੀ ਹੋਰਾਂ ਜੀਵਾਂ ਵਾਂਗ ਆਖ਼ਰ ਪ੍ਰਕਿਰਤੀ ਦੀ ਸਿਰਜਣਾ ਕਰਦਾ ਹੈ। ਉਸ ਨੂੰ ਨਾ ਆਪਣੇ ਖੰਭਾਂ ਦਾ ਮਾਣ ਹੈ, ਨਾ ਉਹ ਕਿਸੇ ਨੂੰ ਆਪਣੇ ਪੈਰਾਂ ਵਿੱਚ ਬਿਠਾ ਕੇ ਵਡਿਆਈ ਲੈਣ ਦਾ ਇੱਛਕ ਹੈ।

ਮੇਰਾ ਅਸਲ ਸਵਾਲ ਏਥੋਂ ਸ਼ੁਰੂ ਹੁੰਦਾ ਹੈ ਕਿ ਜਿੱਥੇ ਮੋਰ ਦੇ ਖੰਭਾਂ ਨੂੰ ਪਵਿੱਤਰ ਮੰਨਣ ਵਾਲਾ ਮਨੁੱਖ, ਧਾਰਮਿਕ ਬਾਣਾ ਪਾਈ ਬੈਠੇ ਹਰ ਵਿਅਕਤੀ ਨੂੰ ਵੀ ਪਵਿੱਤਰ ਮੰਨ ਲੈਂਦਾ ਹੈ।

ਸੋਸ਼ਲ ਮੀਡੀਆ ਨੇ ਮੋਰਾਂ ਦੀਆਂ ਕਰਤੂਤਾਂ ਵੀ ਜੱਗ ਜ਼ਾਹਰ ਕਰ ਦਿੱਤੀਆਂ ਹਨ ਤੇ ਬਹੁਰੂਪੀਆਂ ਦੀਆਂ ਵੀ, ਪਰ ਬਹੁਰੂਪੀਏ ਦੇ ਮਾਮਲੇ ਵਿੱਚ ਸਾਡਾ ਪੈਮਾਨਾ ਕਿਉਂ ਬਦਲ ਜਾਂਦਾ ਹੈ?

ਕੋਈ ਬਹੁਰੂਪੀਆ ਧਾਰਮਿਕ ਚੋਲਾ ਪਾ ਲਵੇ, ਕੋਈ ਉੱਚਾ ਅਹੁਦਾ ਸੰਭਾਲ ਲਵੇ, ਕੋਈ ਮਿੱਠੀਆਂ ਗੱਲਾਂ ਕਰ ਲਵੇ, ਕੋਈ ਵੱਡੇ-ਵੱਡੇ ਉਪਦੇਸ਼ ਦੇ ਦੇਵੇ, ਅਸੀਂ ਉਸ ਦੇ ਚਰਨਾਂ ਵਿੱਚ ਆਪਣਾ ਮੱਥਾ ਰੱਖ ਦਿੰਦੇ ਹਾਂ। ਉਸ ਦੇ ਘਰ ਚਰਨ ਪਾਵਾ ਕੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਾਂ। ਉਸ ਦੇ ਸ਼ਬਦਾਂ ਨੂੰ ਸੱਚ ਮੰਨ ਲੈਂਦੇ ਹਾਂ, ਉਸ ਦੀ ਨੀਅਤ ਨੂੰ ਪਰਖਣਾ ਵੀ ਆਪਣੀ ਬੇਅਦਬੀ ਸਮਝ ਲੈਂਦੇ ਹਾਂ। ਇੱਥੇ ਆ ਕੇ ਅੰਨ੍ਹੀ ਸ਼ਰਧਾ ਸਾਡੇ ਵਿਵੇਕ ਨੂੰ ਨਿਗਲ ਜਾਂਦੀ ਹੈ।

ਜਦੋਂ ਬਹੁਰੂਪੀਏ ਦੀ ਕੋਈ ਕਰਤੂਤ ਪਰਦੇ ਪਿੱਛੋਂ ਬਾਹਰ ਆ ਜਾਂਦੀ ਹੈ। ਕੋਈ ਪੀੜਤ ਬੋਲ ਪੈਂਦਾ ਹੈ। ਕੋਈ ਸੱਚ ਸਾਹਮਣੇ ਆ ਜਾਂਦਾ ਹੈ। ਕੋਈ ਅਜਿਹਾ ਕੰਮ ਜੱਗ ਜ਼ਾਹਰ ਹੋ ਜਾਂਦਾ ਹੈ, ਜਿਸ ਦੀ ਉਮੀਦ ਅਸੀਂ ਉਸ ਪਵਿੱਤਰ ਬਾਣੇ ਤੋਂ ਨਹੀਂ ਕੀਤੀ ਹੁੰਦੀ। ਫਿਰ ਲਗਾਤਾਰ ਸਵਾਲ ਉੱਠਦੇ ਹਨ ਕਿ

ਕੀ ਇਹ ਸੱਚਮੁੱਚ ਉਹੀ ਸੀ, ਜਿਸ ਦੇ ਚਰਨਾਂ ਵਿੱਚ ਅਸੀਂ ਮੱਥੇ ਟੇਕਦੇ ਰਹੇ?

ਕੀ ਅਸੀਂ ਕਿਰਦਾਰ ਨੂੰ ਵੇਖਿਆ ਸੀ ਜਾਂ ਸਿਰਫ਼ ਬਾਣਾ?

ਕੀ ਅਸੀਂ ਮਨੁੱਖ ਨੂੰ ਪਰਖਿਆ ਸੀ ਜਾਂ ਅਹੁਦੇ ਨੂੰ?

ਇੱਥੇ ਸਧਾਰਨ ਮਨੁੱਖ ਲਈ ਸਿੱਖਿਆ ਹੈ ਕਿ ਸ਼ਰਧਾ ਰੱਖੋ, ਪਰ ਆਪਣੀ ਅਕਲ ਗਿਰਵੀ ਨਾ ਰੱਖੋ।

ਸਤਿਕਾਰ ਕਰੋ, ਪਰ ਕਿਸੇ ਮਨੁੱਖ ਨੂੰ ਗ਼ਲਤੀ ਤੋਂ ਉੱਪਰ ਨਾ ਚੁੱਕੋ।

ਧਾਰਮਿਕ ਬਾਣੇ ਦਾ ਆਦਰ ਕਰੋ, ਪਰ ਬਾਣੇ ਨੂੰ ਕਿਰਦਾਰ ਦਾ ਸਰਟੀਫਿਕੇਟ ਨਾ ਸਮਝੋ।

ਕਿਉਂਕਿ ਪਵਿੱਤਰਤਾ ਪਹਿਰਾਵੇ ਵਿੱਚ ਨਹੀਂ, ਵਰਤਾਓ ਵਿੱਚ ਹੁੰਦੀ ਹੈ।

ਪਵਿੱਤਰਤਾ ਕੁਰਸੀ ਵਿੱਚ ਨਹੀਂ, ਨੀਅਤ ਵਿੱਚ ਹੁੰਦੀ ਹੈ।

ਪਵਿੱਤਰਤਾ ਲੋਕਾਂ ਤੋਂ ਚਰਨ ਪਵਾਉਣ ਵਿੱਚ ਨਹੀਂ, ਆਪਣੇ ਹੱਥਾਂ ਨਾਲ ਕਿਸੇ ਦੀ ਇੱਜ਼ਤ ਨਾ ਰੋਲਣ ਵਿੱਚ ਹੁੰਦੀ ਹੈ।

ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ ਜਿਹੜੇ ਬਹੁਰੂਪੀਏ ਪਵਿੱਤਰਤਾ ਦਾ ਚੋਲਾ ਪਾ ਕੇ ਮਨੁੱਖਾਂ ਦੇ ਵਿਸ਼ਵਾਸ ਨੂੰ ਆਪਣੀ ਢਾਲ ਬਣਾਉਂਦੇ ਨੇ, ਉਨ੍ਹਾਂ ਲਈ ਸਲਾਹ ਇਹ ਹੈ ਕਿ 'ਲੋਕਾਂ ਦੀ ਸ਼ਰਧਾ ਤੁਹਾਡੀ ਜਾਇਦਾਦ ਨਹੀਂ। ਇਹ ਇੱਕ ਅਮਾਨਤ ਹੈ। ਇਸ ਨਾਲ ਧੋਖਾ ਕਰਨ ਵਾਲਾ ਸਿਰਫ਼ ਇੱਕ ਮਨੁੱਖ ਨੂੰ ਨਹੀਂ, ਅਨੇਕਾਂ ਦਿਲਾਂ ਦੇ ਵਿਸ਼ਵਾਸ ਨੂੰ ਜ਼ਖ਼ਮੀ ਕਰਦਾ ਹੈ, ਸੋ ਬਚ ਕੇ'!

ਕਿਸੇ ਇੱਕ ਬਹੁਰੂਪੀਏ ਦੀ ਕਰਤੂਤ ਸਾਹਮਣੇ ਆਵੇ ਤਾਂ ਸਾਰੇ ਧਰਮ, ਸਾਰੇ ਸਾਧੂ, ਸਾਰੇ ਧਾਰਮਿਕ ਸਥਾਨ ਜਾਂ ਸਾਰੀ ਪਰੰਪਰਾ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਵੀ ਇਨਸਾਫ਼ ਨਹੀਂ। ਜਿਵੇਂ ਕਿਸੇ ਇੱਕ ਮੋਰ ਜਾਤੀ ਦੀ ਗ਼ਲਤੀ ਨਾਲ ਸਾਰੀ ਮੋਰ ਜਾਤੀ ਦੋਸ਼ੀ ਨਹੀਂ ਹੋ ਜਾਂਦੀ, ਉਸੇ ਤਰ੍ਹਾਂ ਇੱਕ ਮਨੁੱਖ ਦੀ ਕਰਤੂਤ ਨਾਲ ਸਾਰੀ ਧਾਰਮਿਕ ਪਰੰਪਰਾ ਦੋਸ਼ੀ ਨਹੀਂ ਬਣਦੀ।

ਪਰ ਹੁਣ ਬਹੁਰੂਪੀਆਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਚੋਲਾ ਲੋਕਾਂ ਦੀਆਂ ਅੱਖਾਂ ਨੂੰ ਧੋਖਾ ਦੇ ਸਕਦਾ ਹੈ, ਪਰ ਸਮੇਂ ਦੀਆਂ ਅੱਖਾਂ ਨੂੰ ਨਹੀਂ।

ਚਰਨ ਪਵਾਏ ਜਾ ਸਕਦੇ ਨੇ, ਪਰ ਕਰਮਾਂ ਤੋਂ ਬਚਿਆ ਨਹੀਂ ਜਾ ਸਕਦਾ।

ਮੱਥੇ ਟਿਕਵਾਏ ਜਾ ਸਕਦੇ ਨੇ, ਪਰ ਜ਼ਮੀਰ ਅੱਗੇ ਸਿਰ ਝੁਕਾਉਣਾ ਹੀ ਪੈਂਦਾ ਹੈ।

ਮੋਰ ਦੇ ਖੰਭ ਭਾਵੇਂ ਕਿੰਨੇ ਸੋਹਣੇ ਹੋਣ, ਪਰ ਮੋਰ ਦੇ ਕਰਮ ਹੀ ਉਸ ਦੀ ਅਸਲ ਪਛਾਣ ਹਨ।

ਇਹੀ ਨਿਯਮ ਬਾਣੇ ਵਾਲੇ ਹਰ ਮਨੁੱਖ 'ਤੇ ਵੀ ਲਾਗੂ ਹੁੰਦਾ ਹੈ।

ਮੋਰ ਪੰਖ ਖੋਲ੍ਹ ਕੇ ਨਰ ਨੂੰ ਆਪਣਾ ਰੂਪ ਦਿਖਾਉਂਦਾ ਹੈ, ਬਹੁਰੂਪੀਆ ਬਾਣਾ ਪਾ ਕੇ ਆਪਣਾ ਰੂਪ ਲੁਕਾਉਂਦਾ ਹੈ।

ਮੋਰ ਤਾਂ ਆਪਣੇ ਕੁਦਰਤੀ ਰੂਪ ਵਿੱਚ ਪੰਛੀ ਹੈ, ਬਹੁਰੂਪੀਆ ਆਪਣੀ ਅਸਲ ਫ਼ਿਤਰਤ ਨੂੰ ਲੁਕਾ ਕੇ ਪਵਿੱਤਰਤਾ ਦਾ ਰੂਪ ਧਾਰਦਾ ਹੈ।

ਮੁੱਕਦੀ ਗੱਲ ਬਹੁਰੂਪੀਆਂ ਤੋਂ ਸਾਵਧਾਨ ਰਹੋ, ਪਰ ਧਰਮ ਤੋਂ ਨਹੀਂ, ਪਾਖੰਡ ਤੇ ਸਵਾਲ ਕਰੋ, ਸ਼ਰਧਾ ਤੇ ਨਹੀਂ। ਕਿਉਂਕਿ ਸੱਚੀ ਸ਼ਰਧਾ ਅੱਖਾਂ ਬੰਦ ਨਹੀਂ ਕਰਦੀ, ਅੱਖਾਂ ਖੋਲ੍ਹਦੀ ਹੈ। ਸਾਨੂੰ ਸ਼ਰਧਾ ਨੂੰ ਵਿਵੇਕ ਨਾਲ ਜੋੜਨ ਦੀ ਅੱਜ ਲਾਜ਼ਮੀ ਲੋੜ ਹੈ।

# ਗਲੋਬਲ ਆਰਟ ਕ੍ਰਿਏਸ਼ਨਜ਼ ਦੀ ਸ਼ਾਰਟ ਫ਼ਿਲਮ 'ਪੀੜ (ਦਰਦ-ਏ-ਦਿਲ)' ਦਾ ਚੰਡੀਗੜ੍ਹ ਵਿਖੇ ਸ਼ਾਨਦਾਰ ਪ੍ਰੀ-ਵਿਊ ਸ਼ੋਅ

## ਸਿਸਟਮ ਦੀਆਂ ਖ਼ਾਮੀਆਂ ਅਤੇ ਪ੍ਰਸ਼ਾਸਨਿਕ ਅਣਗਹਿਲੀ 'ਤੇ ਤਿੱਖਾ ਕਟਾਖਸ਼ ਕਰਦੀ ਹੈ ਫ਼ਿਲਮ 'ਪੀੜ'

ਚੰਡੀਗੜ੍ਹ: ਗਲੋਬਲ ਆਰਟ ਕ੍ਰਿਏਸ਼ਨਜ਼ (Glow Bal Art Creations) ਦੀ ਤੀਸਰੀ ਸ਼ਾਰਟ ਫ਼ਿਲਮ 'ਪੀੜ (ਦਰਦ-ਏ-ਦਿਲ)' ਦਾ ਪ੍ਰੀ-ਵਿਊ ਸ਼ੋਅ ਚੰਡੀਗੜ੍ਹ ਦੇ ਇੱਕ ਨਾਮਵਰ ਹੋਟਲ ਵਿੱਚ ਸਫ਼ਲਤਾ ਪੂਰਵਕ ਕਰਵਾਇਆ ਗਿਆ। ਇਹ ਫ਼ਿਲਮ ਸਮਾਜਿਕ ਤੌਰ 'ਤੇ ਇੱਕ ਬੇਹੱਦ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਵਿਸ਼ੇ 'ਤੇ ਆਧਾਰਿਤ ਹੈ, ਜੋ ਮੌਜੂਦਾ ਪ੍ਰਸ਼ਾਸਨਿਕ ਸਿਸਟਮ ਦੀਆਂ ਖ਼ਾਮੀਆਂ ਅਤੇ ਆਮ ਨਾਗਰਿਕਾਂ ਪ੍ਰਤੀ ਅਣਗਹਿਲੀ ਦੇ ਰਵੱਈਏ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ।ਫ਼ਿਲਮ ਦੀ ਕਹਾਣੀ ਮੁੱਖ ਤੌਰ 'ਤੇ ਪੰਜਾਬ ਪੁਲਿਸ ਦੇ ਇੱਕ ਇਮਾਨਦਾਰ ਅਤੇ ਫ਼ਰਜ਼ਸ਼ਨਾਸ ਕਾਂਸਟੇਬਲ ਦੀ ਸਿਹਤ ਸਮੱਸਿਆ ਅਤੇ ਉਸਦੀਆਂ ਸਖ਼ਤ ਡਿਊਟੀਆਂ ਦੇ ਦੁਆਲੇ ਘੁੰਮਦੀ ਹੈ, ਜੋ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੰਦੀ ਹੈ।ਇਸ ਫ਼ਿਲਮ ਦੇ ਨਿਰਮਾਤਾ ਇੰਦਰਜੀਤ ਕੌਰ ਬੱਲ ਹਨ, ਜਦਕਿ ਫ਼ਿਲਮ ਦੀ ਸੰਵੇਦਨਸ਼ੀਲ ਕਹਾਣੀ ਅਤੇ ਦਮਦਾਰ ਸੰਵਾਦ ਪ੍ਰਸਿੱਧ ਲੇਖਕ ਡਾ. ਮਨਜੀਤ ਸਿੰਘ ਬੱਲ ਨੇ ਲਿਖੇ ਹਨ। ਲੰਮਾ ਨਿਰਦੇਸ਼ਨ ਅਤੇ ਅਦਾਕਾਰੀ ਦਾ ਤਜਰਬਾ ਰੱਖਣ ਵਾਲੇ ਡਾਇਰੈਕਟਰ ਸੋਮ ਸਹੋਤਾ ਨੇ ਇਸ ਫ਼ਿਲਮ ਦਾ ਬਿਹਤਰੀਨ ਨਿਰਦੇਸ਼ਨ ਕਰਨ ਦੇ ਨਾਲ-ਨਾਲ ਇਸਦੀ ਪਟਕਥਾ (ਸਕ੍ਰੀਨ-ਪਲੇ) ਵੀ ਖ਼ੁਦ ਤਿਆਰ ਕੀਤੀ ਹੈ।ਫ਼ਿਲਮ ਵਿੱਚ ਮੁੱਖ ਭੂਮਿਕਾਵਾਂ ਨਿਭਾਉਣ ਵਾਲੇ ਅਦਾਕਾਰਾਂ ਗੁਲਸ਼ਨ ਸੋਨੀ, ਗੁਰਵਿੰਦਰ ਸਿੰਘ ਮੁਲਤਾਨੀ ਅਤੇ ਬੀ.ਐਨ. ਸ਼ਰਮਾ ਨੇ ਆਪਣੀ ਅਦਾਕਾਰੀ ਨਾਲ ਫ਼ਿਲਮ ਨੂੰ ਚਾਰ ਚੰਦ ਲਗਾਏ ਹਨ। ਇਹਨਾਂ ਤੋਂ ਇਲਾਵਾ ਸਾਥੀ ਕਲਾਕਾਰਾਂ ਵਿੱਚ ਭਰਪੂਰ ਸਿੰਘ, ਅਨੁਰਾਧਾ ਸ਼ਰਮਾ, ਆਰਤੀ ਬੇਦੀ, ਜੋਰਾ ਸਿੰਘ ਬੱਲ, ਕਿਸ਼ੋਰ ਸ਼ਰਮਾ, ਪੀ.ਪੀ. ਸਿੰਘ, ਬਲਦੇਵ ਸਨੌਰੀ, ਦਰਸ਼ਨ ਸਿੰਘ ਤਿਉਣਾ ਅਤੇ ਕੁਲਦੀਪ ਕਾਜਲ ਨੇ ਅਹਿਮ ਭੂਮਿਕਾ ਨਿਭਾਈ ਹੈ।




ਬਾਲ ਕਲਾਕਾਰਾਂ ਵਜੋਂ ਹਰਸਿਮਰਨ ਸਹੋਤਾ, ਗੁਲਾਬ ਬੱਲ ਅਤੇ ਉਮੀਦ ਬੱਲ ਨੇ ਬਹੁਤ ਹੀ ਉਮਦਾ ਕਾਰਗੁਜ਼ਾਰੀ ਦਿਖਾਈ ਹੈ।ਫ਼ਿਲਮ ਦੀ ਸ਼ਾਨਦਾਰ ਸਿਨੇਮਾਟੋਗ੍ਰਾਫੀ ਡੀ.ਓ.ਪੀ. ਦਿਆਲ ਕਿਸ਼ਨ ਵੱਲੋਂ ਕੀਤੀ ਗਈ ਹੈ ਅਤੇ ਇਸਦਾ ਰੂਹਾਨੀ ਤੇ ਪ੍ਰਭਾਵਸ਼ਾਲੀ ਸੰਗੀਤ ਯਾਕੂਬ ਮਾਝੇ ਵਾਲੇ ਨੇ ਤਿਆਰ ਕੀਤਾ ਹੈ।ਪ੍ਰੀ-ਵਿਊ ਸ਼ੋਅ ਦੌਰਾਨ ਹਾਜ਼ਰ ਮਹਿਮਾਨਾਂ ਨੇ ਫ਼ਿਲਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ 'ਪੀੜ (ਦਰਦ-ਏ-ਦਿਲ)' ਸਿਰਫ਼ ਇੱਕ ਸ਼ਾਰਟ ਫ਼ਿਲਮ ਨਹੀਂ ਹੈ, ਬਲਕਿ ਇਹ ਸਮਾਜ ਦਾ ਉਹ ਆਈਨਾ ਹੈ ਜੋ ਦੁਨੀਆ ਭਰ ਦੇ ਦਰਸ਼ਕਾਂ ਵਿੱਚ ਇੱਕ ਡੂੰਘੀ ਸੋਚ, ਉਸਾਰੂ ਬਹਿਸ ਅਤੇ ਭਾਵਨਾਤਮਕ ਸਾਂਝ ਪੈਦਾ ਕਰੇਗੀ। ਫ਼ਿਲਮ ਜਲਦੀ ਹੀ ਆਮ ਦਰਸ਼ਕਾਂ ਦੇ ਰੂ-ਬ-ਰੂ ਕੀਤੀ ਜਾਵੇਗੀ।






# ‘ਕਾਪੀ-ਪੇਸਟ’ ਦੀ ਖੇਡ: ਅਖ਼ਬਾਰੀ ਪੰਨਿਆਂ ’ਚੋਂ ਗੁਆਚਦਾ ਅਸਲ ਲੇਖਕ

**ਕੁਲਬੀਰ ਸ਼ਰਮਾ**
ਝਬੇਲਵਾਲੀ : 91 8427212104

ਅੱਜਕੱਲ੍ਹ ਜਦੋਂ ਵੀ ਕੋਈ ਅਖ਼ਬਾਰ ਹੱਥ ਵਿੱਚ ਆਉਂਦਾ ਹੈ, ਖ਼ਾਸ ਕਰਕੇ ਸੰਪਾਦਕੀ ਜਾਂ ਵਿਚਾਰ ਪੰਨਾ ਵੇਖਦਾ ਹਾਂ ਤਾਂ AI ਦੀ ਮਦਦ ਨਾਲ ਤਿਆਰ ਕੀਤੀਆਂ ਲਿਖਤਾਂ ਵੱਲ ਧਿਆਨ ਚਲਾ ਹੀ ਜਾਂਦਾ ਹੈ। ਲੇਖਾਂ ਦੇ ਵਿਸ਼ੇ ਭਾਵੇਂ ਵੱਖ-ਵੱਖ ਹੋਣ, ਭਾਸ਼ਾ ਅਤੇ ਲਿਖਣ ਦਾ ਢੰਗ ਵੀ ਪ੍ਰਭਾਵਸ਼ਾਲੀ ਹੋਵੇ, ਪਰ ਕਈ ਵਾਰ ਇਹ ਮਹਿਸੂਸ ਹੁੰਦਾ ਹੈ ਕਿ ਆਪਣੀ ਸੋਚ ਅਤੇ ਆਪਣੇ ਤਜਰਬੇ ਵਿੱਚੋਂ ਲਿਖਣ ਵਾਲੀ ਉਹ ਨਿੱਜੀ ਆਵਾਜ਼ ਹੌਲੀ-ਹੌਲੀ ਘੱਟ ਰਹੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (AI) ਕੁਝ ਹੀ ਪਲਾਂ ਵਿੱਚ ਕਿਸੇ ਵੀ ਵਿਸ਼ੇ ਉੱਤੇ ਸੁਚੱਜਾ, ਸਪਸ਼ਟ ਅਤੇ ਪ੍ਰਭਾਵਸ਼ਾਲੀ ਲੇਖ ਤਿਆਰ ਕਰ ਸਕਦੀ ਹੈ। ਸ਼ਬਦ ਸੋਹਣੇ ਹੁੰਦੇ ਹਨ, ਵਿਚਾਰ ਸਲੀਕੇ ਨਾਲ ਪੇਸ਼ ਕੀਤੇ ਹੁੰਦੇ ਹਨ ਅਤੇ ਲੇਖ ਪੜ੍ਹਨ ਵਿੱਚ ਵੀ ਵਧੀਆ ਲੱਗਦਾ ਹੈ। ਪਰ ਇਸ ਸਹੂਲਤ ਦੇ ਨਾਲ ਇੱਕ ਗੱਲ ਬਾਰੇ ਸੋਚਣਾ ਵੀ ਜ਼ਰੂਰੀ ਹੈ—ਜੇ ਲਿਖਤ ਹੀ ਕਿਸੇ ਹੋਰ ਤੋਂ ਤਿਆਰ ਕਰਵਾ ਲਈ, ਤਾਂ ਉਸ ਵਿੱਚ ਸਾਡੀ ਆਪਣੀ ਸੋਚ ਕਿੱਥੇ ਰਹਿ ਗਈ?

ਮੈਂ AI ਦੇ ਵਿਰੁੱਧ ਨਹੀਂ ਹਾਂ। ਇਸ ਦੀ ਮਦਦ ਲੈਣੀ, ਕਿਸੇ ਲੇਖ ਦੀ ਭਾਸ਼ਾ ਸੁਧਾਰਨੀ, ਵਿਚਾਰਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨਾ ਜਾਂ ਕਿਸੇ ਗੱਲ ਨੂੰ ਹੋਰ ਸਪਸ਼ਟ ਬਣਾਉਣਾ ਗਲਤ ਨਹੀਂ। ਪਰ ਜਦੋਂ ਆਪਣਾ ਪੂਰਾ ਵਿਚਾਰ, ਆਪਣਾ ਤਜਰਬਾ ਅਤੇ ਆਪਣੀ ਗੱਲ ਵੀ AI ਦੇ ਹਵਾਲੇ ਕਰ ਦਿੱਤੀ ਜਾਵੇ ਅਤੇ ਤਿਆਰ ਲਿਖਤ ਨੂੰ ਆਪਣੀ ਲਿਖਤ ਵਜੋਂ ਪੇਸ਼ ਕੀਤਾ ਜਾਵੇ, ਤਾਂ ਇਹ ਗੱਲ ਜ਼ਰੂਰ ਸੋਚਣ ਲਈ ਮਜਬੂਰ ਕਰਦੀ ਹੈ। ਇੱਕ ਲੇਖਕ ਕੋਲ ਸਭ ਤੋਂ ਵੱਡੀ ਚੀਜ਼ ਉਸਦੀ ਆਪਣੀ ਸੋਚ ਹੁੰਦੀ ਹੈ। ਉਹ ਆਪਣੇ ਆਲੇ-ਦੁਆਲੇ ਨੂੰ ਵੇਖਦਾ ਹੈ, ਲੋਕਾਂ ਦੀ ਜ਼ਿੰਦਗੀ ਨੂੰ ਸਮਝਦਾ ਹੈ, ਦੁੱਖ-ਤਕਲੀਫ਼ਾਂ ਨੂੰ ਮਹਿਸੂਸ ਕਰਦਾ ਹੈ, ਆਪਣੇ ਦੇਸ਼ ਅਤੇ ਸਮਾਜ ਦੀਆਂ ਸਮੱਸਿਆਵਾਂ ਨੂੰ ਆਪਣੀ ਨਜ਼ਰ ਨਾਲ ਵੇਖਦਾ ਹੈ ਅਤੇ ਫਿਰ ਆਪਣੀ ਕਲਮ ਰਾਹੀਂ ਉਹ ਗੱਲ ਸਾਹਮਣੇ ਲਿਆਉਂਦਾ ਹੈ। ਇਹ ਨਜ਼ਰੀਆ ਕੋਈ ਮਸ਼ੀਨ ਪੂਰੀ ਤਰ੍ਹਾਂ ਨਹੀਂ ਦੇ ਸਕਦੀ, ਕਿਉਂਕਿ ਮਨੁੱਖ ਦੀ ਜ਼ਿੰਦਗੀ ਦੇ ਤਜਰਬੇ ਉਸਦੇ ਆਪਣੇ ਹੁੰਦੇ ਹਨ।ਮੈਨੂੰ ਅੱਜ ਵੀ ਆਪਣੇ ਨਾਨਾ ਜੀ ਸਵਰਗਵਾਸੀ ਹਰਦਿਆਲ ਚੰਦ ਵੈਦ ਜੀ ਯਾਦ ਆਉਂਦੇ ਹਨ। ਉਨ੍ਹਾਂ ਨੂੰ ਅਖ਼ਬਾਰ ਪੜ੍ਹਨ ਦਾ ਬਹੁਤ ਸ਼ੌਕ ਸੀ। ਸਾਡੇ ਘਰ ਵਿੱਚ ਚਾਰ-ਪੰਜ ਅਖ਼ਬਾਰ ਆਉਂਦੇ ਸਨ। ਉਹ ਅਖ਼ਬਾਰਾਂ ਦੇ ਨਾਲ ਨਾਵਲ, ਲੇਖ ਅਤੇ ਧਾਰਮਿਕ ਗ੍ਰੰਥ ਵੀ ਪੜ੍ਹਦੇ ਸਨ। ਘਰ ਵਿੱਚ ਅਖ਼ਬਾਰ ਆਉਣ ਕਰਕੇ ਜਦੋਂ ਵੀ ਮੈਨੂੰ ਥੋੜ੍ਹਾ ਸਮਾਂ ਮਿਲਦਾ, ਮੈਂ ਵੀ ਅਖ਼ਬਾਰ ਨੂੰ ਇੱਕ ਨਜ਼ਰ ਜ਼ਰੂਰ ਮਾਰ ਲੈਂਦਾ। ਉਸ ਸਮੇਂ ਸੰਪਾਦਕੀ ਅਤੇ ਵਿਚਾਰ ਪੰਨੇ ਮੇਰੇ ਲਈ ਖ਼ਾਸ ਦਿਲਚਸਪੀ ਵਾਲੇ ਹੁੰਦੇ ਸਨ। ਵੱਖ-ਵੱਖ ਅਖ਼ਬਾਰਾਂ ਵਿੱਚ ਵੱਖ-ਵੱਖ ਲੇਖਕਾਂ ਦੀ ਆਪਣੀ-ਆਪਣੀ ਸੋਚ ਪੜ੍ਹਨ ਨੂੰ ਮਿਲਦੀ ਸੀ। ਕਿਸੇ ਦੀ ਗੱਲ ਨਾਲ ਸਹਿਮਤ ਹੁੰਦਾ, ਕਿਸੇ ਨਾਲ ਨਹੀਂ, ਪਰ ਹਰ ਲੇਖ ਕੁਝ ਨਾ ਕੁਝ ਸੋਚਣ ਲਈ ਜ਼ਰੂਰ ਦੇ ਜਾਂਦਾ ਸੀ। ਉੱਥੋਂ ਹੀ ਸ਼ਾਇਦ ਮੈਨੂੰ ਪੜ੍ਹਨ ਅਤੇ ਆਪਣੇ ਵਿਚਾਰ ਲਿਖਣ ਦੀ ਆਦਤ ਪਈ।

ਅੱਜ ਜਦੋਂ ਮੈਂ ਖ਼ੁਦ ਲੇਖ ਲਿਖਦਾ ਹਾਂ ਤਾਂ ਅਕਸਰ ਮਹਿਸੂਸ ਕਰਦਾ ਹਾਂ ਕਿ ਲਿਖਣਾ ਸਿਰਫ਼ ਸ਼ਬਦ ਕਾਗਜ਼ ਉੱਤੇ ਉਤਾਰਨਾ ਨਹੀਂ। ਲਿਖਣ ਤੋਂ ਪਹਿਲਾਂ ਬੰਦਾ ਸੋਚਦਾ ਹੈ। ਕਿਸੇ ਵਿਸ਼ੇ ਦੇ ਕਈ ਪੱਖਾਂ ਬਾਰੇ ਵਿਚਾਰ ਕਰਦਾ ਹੈ। ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਯਾਦ ਕਰਦਾ ਹੈ। ਕਈ ਵਾਰ ਇੱਕ ਛੋਟੀ ਜਿਹੀ ਘਟਨਾ ਵੀ ਲੇਖ ਦਾ ਵਿਸ਼ਾ ਬਣ ਜਾਂਦੀ ਹੈ। ਇਹੀ ਤਾਂ ਲਿਖਣ ਦੀ ਖ਼ੂਬਸੂਰਤੀ ਹੈ। ਜਦੋਂ ਅਸੀਂ ਆਪਣੇ ਹੱਥ ਨਾਲ ਲਿਖਦੇ ਹਾਂ ਤਾਂ ਸਾਡੀ ਸੋਚ ਵੀ ਉਸੇ ਪ੍ਰਕਿਰਿਆ ਵਿੱਚ ਵਿਕਸਤ ਹੁੰਦੀ ਹੈ। ਇੱਕ ਗੱਲ ਤੋਂ ਦੂਜੀ ਗੱਲ ਯਾਦ ਆਉਂਦੀ ਹੈ। ਕੋਈ ਨਵਾਂ ਵਿਚਾਰ ਮਨ ਵਿੱਚ ਜਨਮ ਲੈਂਦਾ ਹੈ। ਕਈ ਵਾਰ ਜੋ ਗੱਲ ਪਹਿਲਾਂ ਸਾਨੂੰ ਸਹੀ ਲੱਗਦੀ ਹੈ, ਲਿਖਦੇ-ਲਿਖਦੇ ਉਸ ਬਾਰੇ ਸਾਡੀ ਸੋਚ ਹੀ ਬਦਲ ਜਾਂਦੀ ਹੈ। ਇਹ ਸਾਰਾ ਕੁਝ ਲਿਖਣ ਦੀ ਪ੍ਰਕਿਰਿਆ ਦਾ ਹਿੱਸਾ ਹੈ। ਪਰ ਜੇ ਅਸੀਂ ਹਰ ਵਾਰ ਸਿਰਫ਼ ਵਿਸ਼ਾ ਦੱਸ ਕੇ ਤਿਆਰ ਲੇਖ ਲੈ ਲਈਏ, ਤਾਂ ਕੀ ਅਸੀਂ ਆਪਣੇ ਅੰਦਰ ਚੱਲ ਰਹੀ ਇਸ ਸੋਚ ਦੀ ਪ੍ਰਕਿਰਿਆ ਨੂੰ ਹੌਲੀ-ਹੌਲੀ ਖ਼ਤਮ ਨਹੀਂ ਕਰ ਰਹੇ?

ਅੱਜ ਕਿਸੇ ਕੋਲ ਸਮੇਂ ਦੀ ਘਾਟ ਹੈ, ਕਿਸੇ ਕੋਲ ਸ਼ਬਦਾਂ ਦੀ। ਕਿਸੇ ਨੂੰ ਲੱਗਦਾ ਹੈ ਕਿ ਉਸਦੀ ਲਿਖਤ ਇੰਨੀ ਪ੍ਰਭਾਵਸ਼ਾਲੀ ਨਹੀਂ। AI ਇਹ ਮੁਸ਼ਕਲਾਂ ਕੁਝ ਪਲਾਂ ਵਿੱਚ ਦੂਰ ਕਰ ਦਿੰਦੀ ਹੈ। ਪਰ ਲੇਖਕ ਬਣਨ ਦੀ ਸਭ ਤੋਂ ਵੱਡੀ ਖ਼ੂਬੀ ਸੁੰਦਰ ਸ਼ਬਦ ਨਹੀਂ, ਸਗੋਂ ਆਪਣੀ ਗੱਲ ਆਪਣੇ ਢੰਗ ਨਾਲ ਕਹਿਣਾ ਹੈ। ਹੋ ਸਕਦਾ ਹੈ ਸਾਡੀ ਲਿਖਤ ਵਿੱਚ ਵਿਆਕਰਨ ਦੀਆਂ ਗਲਤੀਆਂ ਹੋਣ। ਹੋ ਸਕਦਾ ਹੈ ਸਾਡੇ ਵਾਕ AI ਵਾਂਗ ਬਿਲਕੁਲ ਸੁਚੱਜੇ ਨਾ ਹੋਣ। ਹੋ ਸਕਦਾ ਹੈ ਸਾਡੇ ਸ਼ਬਦ ਬਹੁਤ ਸਧਾਰਨ ਹੋਣ। ਪਰ ਜੇ ਉਨ੍ਹਾਂ ਵਿੱਚ ਸਾਡਾ ਤਜਰਬਾ, ਸਾਡਾ ਅਹਿਸਾਸ ਅਤੇ ਸਾਡੀ ਆਪਣੀ ਸੋਚ ਹੈ ਤਾਂ ਉਹ ਲਿਖਤ ਸਾਡੇ ਨਾਲ ਜੁੜੀ ਹੋਈ ਹੈ। ਕਿਸੇ ਪਿੰਡ ਦਾ ਲੇਖਕ ਆਪਣੇ ਪਿੰਡ ਦੀ ਗਲੀ ਵਿੱਚ ਖੜ੍ਹ ਕੇ ਜੋ ਦੇਖ ਸਕਦਾ ਹੈ, ਉਹ ਉਸਦੀ ਆਪਣੀ ਨਜ਼ਰ ਹੈ। ਕਿਸੇ ਕਿਸਾਨ ਦੇ ਘਰ ਦੀ ਚਿੰਤਾ, ਕਿਸੇ ਮਜ਼ਦੂਰ ਦੀ ਮਿਹਨਤ, ਕਿਸੇ ਮਾਂ ਦੀ ਚਿੰਤਾ, ਕਿਸੇ ਨੌਜਵਾਨ ਦੀ ਬੇਰੁਜ਼ਗਾਰੀ, ਕਿਸੇ ਬਜ਼ੁਰਗ ਦੀ ਇਕੱਲਤਾ ਜਾਂ ਵਿਦੇਸ਼ ਗਏ ਬੱਚੇ ਦੀ ਉਡੀਕ—ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰਕੇ ਲਿਖਣ ਵਾਲਾ ਵਿਅਕਤੀ ਆਪਣੇ ਤਜਰਬੇ ਵਿੱਚੋਂ ਲਿਖਦਾ ਹੈ।

ਇੱਕ ਮਸ਼ੀਨ ਜਾਣਕਾਰੀ ਦੇ ਸਕਦੀ ਹੈ, ਭਾਸ਼ਾ ਨੂੰ ਸੁੰਦਰ ਬਣਾ ਸਕਦੀ ਹੈ ਅਤੇ ਵਿਚਾਰਾਂ ਨੂੰ ਸਲੀਕੇ ਨਾਲ ਪੇਸ਼ ਕਰ ਸਕਦੀ ਹੈ। ਪਰ ਸਾਡੇ ਆਪਣੇ ਜੀਵਨ ਦੀ ਉਹ ਯਾਦ, ਉਹ ਪਲ ਅਤੇ ਉਹ ਅਹਿਸਾਸ ਸਾਡੇ ਕੋਲ ਹੀ ਹੁੰਦੇ ਹਨ। ਇਸ ਲਈ ਗੱਲ AI ਨੂੰ ਚੰਗੀ ਜਾਂ ਮਾੜੀ ਕਹਿਣ ਦੀ ਨਹੀਂ, ਗੱਲ ਇਸਦੀ ਵਰਤੋਂ ਦੀ ਹੈ। ਜੇ AI ਸਾਡੀ ਕਲਮ ਦੀ ਮਦਦਗਾਰ ਬਣੇ ਤਾਂ ਇਹ ਤਕਨਾਲੋਜੀ ਦਾ ਸਹੀ ਲਾਭ ਹੈ। ਪਰ ਜੇ ਕਲਮ ਸਾਡੇ ਹੱਥ ਵਿੱਚ ਹੋਣ ਦੇ ਬਾਵਜੂਦ ਸੋਚ ਵੀ AI ਕਰੇ, ਲਿਖਤ ਵੀ ਉਹ ਤਿਆਰ ਕਰੇ ਅਤੇ ਅਸੀਂ ਸਿਰਫ਼ ਆਪਣਾ ਨਾਮ ਲਾ ਕੇ ਉਸਨੂੰ ਅੱਗੇ ਭੇਜ ਦੇਈਏ, ਤਾਂ ਇਹ ਸਿਰਫ਼ ਲਿਖਤ ਦਾ ਮਸਲਾ ਨਹੀਂ ਰਹਿੰਦਾ—ਇਹ ਸਾਡੀ ਆਪਣੀ ਸੋਚਣ ਦੀ ਆਦਤ ਦਾ ਵੀ ਮਸਲਾ ਬਣ ਜਾਂਦਾ ਹੈ।

ਅਖ਼ਬਾਰ ਸਿਰਫ਼ ਖ਼ਬਰਾਂ ਦਾ ਕਾਗਜ਼ ਨਹੀਂ ਹੁੰਦਾ। ਇਸਦੇ ਵਿਚਾਰ ਪੰਨੇ ਸਮਾਜ ਦੀ ਸੋਚ ਦਾ ਇੱਕ ਹਿੱਸਾ ਹੁੰਦੇ ਹਨ। ਇੱਥੇ ਵੱਖ-ਵੱਖ ਲੋਕਾਂ ਦੀਆਂ ਵੱਖ-ਵੱਖ ਆਵਾਜ਼ਾਂ ਸੁਣਨ ਨੂੰ ਮਿਲਣੀਆਂ ਚਾਹੀਦੀਆਂ ਹਨ। ਜੇ ਹਰ ਲੇਖ ਇੱਕੋ ਜਿਹੀ ਭਾਸ਼ਾ, ਇੱਕੋ ਜਿਹਾ ਅੰਦਾਜ਼ ਅਤੇ ਇੱਕੋ ਤਰ੍ਹਾਂ ਦੀ ਬਣਤਰ ਲੈ ਕੇ ਆਵੇ, ਤਾਂ ਉਹ ਵੱਖਰਾਪਣ ਕਿੱਥੇ ਰਹੇਗਾ ਜੋ ਪਾਠਕ ਨੂੰ ਨਵੀਂ ਸੋਚ ਦਿੰਦਾ ਹੈ। ਭਾਸ਼ਾ ਸੁਧਾਰਨ ਜਾਂ ਸ਼ਬਦਾਂ ਨੂੰ ਸੋਹਣਾ ਬਣਾਉਣ ਲਈAI ਦੀ ਮਦਦ ਲਈ ਜਾ ਸਕਦੀ ਹੈ, ਪਰ ਵਿਚਾਰ ਅਤੇ ਤਜਰਬਾ ਆਪਣਾ ਹੋਣਾ ਚਾਹੀਦਾ ਹੈ। ਆਖ਼ਰ ਲੇਖ ਦੀ ਪਛਾਣ ਉਸਦੇ ਸ਼ਬਦਾਂ ਅਤੇ ਉਸਦੀ ਸੋਚ ਨਾਲ ਹੁੰਦੀ ਹੈ।

## Lifetime Achievement Award




A Lifetime Achievement Award was presented to Sewa Singh Premi by the South Asian Inspiration Award Society and Sifarish Network on Sep 26, 2026, at the Worklund Center in Downtown Calgary, in the presence of a large gathering. This comprises many political federal and provincial leaders, entrepreneurs, educationists, and families. This Award was given to me for the most valuable community and social services provided to communities across Calgary and abroad over the last 29 years.






Front Garage Homes FROM THE LOW $600s

Bungalow Homes FROM THE HIGH $600s

**ਸਹੂਲਤ ਨੂੰ ਪਿੱਛੇ ਛੱਡੇ ਬਿਨਾਂ ਵਧਣ ਲਈ ਹੋਰ ਜਗਹ੍ਹਾ ਦੀ ਭਾਲ ਵਿੱਚ — ਤੁਹਾਡੇ ਨਵੇਂ ਘਰ ਵਿੱਚ ਤੁਹਾਡਾ ਸਵਾਗਤ ਹੈ।** ਪੇਂਟਡ ਸਕਾਈ ਲੈਂਗਡਨ ਦੇ ਮਨਮੋਹਕ ਪਿੰਡ ਵਿੱਚ ਵੱਡੇ ਪਲਾਟਾਂ 'ਤੇ ਵਿਸ਼ਾਲ ਘਰ ਪੇਸ਼ ਕਰਦਾ ਹੈ। ਇੱਥੇ, ਰੋਜ਼ਾਨਾ ਦੇ ਸਾਹਸ ਤੁਹਾਡੇ ਦਰਵਾਜ਼ੇ ਦੇ ਬਿਲਕੁਲ ਬਾਹਰ ਹਨ। ਪਾਰਕ, ਰਸਤੇ, ਅਤੇ ਸਾਡਾ ਤੇਜ਼ੀ ਨਾਲ ਵਧ ਰਿਹਾ 12-ਏਕੜ ਵਪਾਰਕ ਹੱਬ ਆਸਾਨ ਪਹੁੰਚ ਦੇ ਅੰਦਰ ਹੋਣ ਲਈ ਤਿਆਰ ਕੀਤਾ ਗਿਆ ਹੈ।

PAINTED SKY
LANGDON

- Broadview Homes
- Sterling Homes
- NuVista Homes
- Jayman BUILT

paintedskyinlangdon.com

WE CREATE LEGACY COMMUNITIES THAT **INSPIRE PRIDE, ENRICH LIVES AND ENDURE IN VALUE.** QUALICO communities

# ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮਦਿਨ ਮਨਾਇਆ ਗਿਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਦੇ ਹਾਲ ਵਿੱਚ ਸ਼ਹੀਦ ਭਗਤ ਸਿੰਘ ਦਾ ਜਨਮਦਿਨ ਮਨਾਇਆ ਗਿਆ। ਪਹਿਲੇ ਬੁਲਾਰੇ ਮੋਹਣ ਸਿੰਘ ਨੇ ਜਿੱਥੇ ਹਾਜ਼ਰੀਨ ਨੂੰ ਜਨਮਦਿਨ ਦੀ ਮੁਬਾਰਕਬਾਦ ਦਿੱਤੀ, ਉੱਥੇ ਉਹਨਾਂ ਭਗਤ ਸਿੰਘ ਬਾਰੇ ਇੱਕ ਕਵਿਤਾ ਵੀ ਸੁਣਾਈ। ਪ੍ਰਿੰਸੀਪਲ ਸਤਪਾਲ ਕੌਸ਼ਲ ਨੇ ਜ਼ਿਕਰ ਕੀਤਾ ਕਿ ਭਗਤ ਸਿੰਘ ਇੱਕ ਚਿੰਤਕ, ਲਿਖਾਰੀ, ਇਨਕਲਾਬੀ ਅਤੇ ਕੁਰਬਾਨੀ ਦੇ ਪੁੰਜ ਸਨ । ਸੋਹਣ ਸਿੰਘ ਭੁੱਚੋ ਨੇ ਭਗਤ ਸਿੰਘ ਬਾਰੇ ਆਪਣੀ ਲਿਖੀ ਕਵਿਤਾ ਬੁਲੰਦ ਆਵਾਜ਼ ਵਿੱਚ ਪੇਸ਼ ਕੀਤੀ। ਡਾਕਟਰ ਹਰਮਿੰਦਰ ਸਿੰਘ ਨੇ “ਇਹ ਦੇਸ਼ ਹੈ ਵੀਰ ਜਵਾਨਾਂ ਦਾ” ਤਰੰਨਮ ਵਿੱਚ ਗਾਇਆ। ਮਲਕੀਤ ਸਿੰਘ ਸਿੱਧੂ ਨੇ ਆਪਣੀ ਲਿਖੀ ਕਵਿਤਾ ਕੁਦਰਤ ਦੇ ਨਜ਼ਾਰੇ “ਚਲ ਚੱਲੀਏ ਉਸ ਗਰਾਂ, ਜਿੱਥੇ ਮਿਲਦੀ ਠੰਡੀ ਛਾਂ” ਸੁਣਾ ਕੇ ਆਪਣੀ ਹਾਜ਼ਰੀ ਲਗਵਾਈ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜੀਵਨ ਉਹਨਾਂ ਦੀਆਂ ਸਰਗਰਮੀਆਂ ਅਤੇ ਉਨਾਂ ਦੇ ਸਿਧਾਂਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪਰਮਜੀਤ ਸਿੰਘ ਭੰਗੂ ਨੇ ਸੰਤ ਰਾਮ ਉਦਾਸੀ ਦੀ ਲਿਖੀ ਭਗਤ ਸਿੰਘ ਦੀ ਕੁਰਬਾਨੀ ਬਾਰੇ ਕਵਿਤਾ ਪੇਸ਼ ਕੀਤੀ। ਮੰਗਲ ਚੱਠੇ ਨੇ “ਮਰ ਕੇ ਜਿਨਾਂ ਜਿਉਣਾ ਸਿੱਖਿਆ” ਗਾ ਕੇ ਸੁਣਾਇਆ। ਬਿੱਕਰ ਸਿੰਘ ਸੰਧੂ ਨੇ ਰੋਜਾਨਾ ਜੀਵਨ ਬਾਰੇ ਅਹਿਮ ਜਾਣਕਾਰੀ ਦਿੱਤੀ। ਸੰਸਥਾ ਦੇ ਪ੍ਰੈਜੀਡੈਂਟ ਮੇਜਰ ਸਿੰਘ ਧਾਲੀਵਾਲ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਉਹਨਾਂ ਨੂੰ ਯਾਦ ਕਰਨਾ ਸਾਡਾ ਫਰਜ਼ ਬਣਦਾ ਹੈ। ਉਹਨਾਂ ਦੀਆਂ ਲਿਖਤਾਂ ਅਤੇ ਸਾਥੀਆਂ ਦੀਆਂ ਲਿਖਤਾਂ ਸਰੋਤਿਆਂ ਨੂੰ ਪੜ੍ਹਨ ਦੀ ਪ੍ਰੇਰਨਾ ਦਿੱਤੀ । ਸੁਰਿੰਦਰ ਸੂਰੀ ਨੂੰ ਕਨੇਡੀਅਨ ਰੈਵਨਿਊ ਮਨਿਸਟਰ ਵੱਲੋਂ ਦਿੱਤਾ ਗਿਆ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ । ਸੁਰਮਖ ਸਿੰਘ ਕੂਨਰ ਅਤੇ ਦਲਵੀਰ ਸਿੰਘ ਨਿੱਝਰ ਦੇ ਜਨਮਦਿਨ ਮਨਾਏ ਗਏ। ਚਾਹ ਪਾਣੀ ਦੀ ਸੇਵਾ ਕੁਲਬੀਰ ਕਾਲਕਟ, ਸੁਰਮਖ ਸਿੰਘ ਕੂਨਰ, ਚਮਕੌਰ ਸਿੰਘ ਅਤੇ ਦਰਸ਼ਨ ਸਿੰਘ ਔਲਖ ਨੇ ਨਿਭਾਈ।

elections alberta

**ਅਗਾਊਂ ਵੋਟਿੰਗ**
ਮੰਗਲਵਾਰ, 13 ਅਕਤੂਬਰ ਤੋਂ
ਸ਼ਨੀਚਰਵਾਰ, 17 ਅਕਤੂਬਰ, 2026 ਤੱਕ

**ਚੋਣਾਂ ਦਾ ਦਿਨ**
ਸੋਮਵਾਰ, 19 ਅਕਤੂਬਰ, 2026

**ਆਪਣੇ ਸ਼ਹਿਰ ਵਿੱਚ ਨਿਰਧਾਰਤ ਚੋਣਾਂ ਦਾ ਸਥਾਨ ਲੱਭਣ ਲਈ, ਕਿਊ ਆਰ ਕੋਡ (QR code) ਨੂੰ ਸਕੈਨ ਕਰੋ ਅਤੇ ਪਤਾ ਕਰੋ ਆਪਣੀ ਰਿਹਾਇਸ਼ ਦੇ ਨੇੜੇ ਕਿੱਥੇ ਵੋਟ ਪਾ ਸਕਦੇ ਹੋ।**

ਅਸੀਂ ਹਰ ਕੋਸ਼ਿਸ਼ ਕਰਦੇ ਹਾਂ ਤੁਹਾਡੀ ਬਿਹਤਰ ਸੁਵਿਧਾ ਲਈ ਬਿਨਾਂ ਕੋਈ ਉਡੀਕ ਕੀਤਿਆਂ ਤੁਸੀਂ ਚੋਣਾਂ ਵਾਲੇ ਸਥਾਨ ਤੇ ਵੋਟ ਕਰ ਸਕੋ। ਵਧੇਰੇ ਜਾਣਕਾਰੀ ਲਈ ਤੁਸੀਂ ਇਲੈਕਸ਼ਨ ਅਲਬਰਟਾ ਦੀ **elections.ab.ca/accessibility** ਤੇ ਜ਼ਰੂਰ ਜਾਣਕਾਰੀ ਲਵੋ

**ਅਲਬਰਟਾ ਸੂਬੇ ਦੀ ਰਾਇਸ਼ੁਮਾਰੀ ਵਿੱਚ ਵੋਟ ਪਾਉਣ ਲਈ ਤੁਹਾਡੇ ਲਈ ਗਾਈਡ (ਜਾਣਕਾਰੀ)**

ਇਸ ਜਨਮਤ ਸੰਗ੍ਰਹਿ (ਰਾਇਸ਼ੁਮਾਰੀ) ਵਿੱਚ, ਵੋਟਰਾਂ ਨੂੰ 10 ਸਵਾਲ ਪੁੱਛੇ ਜਾਣਗੇ ਅਤੇ ਉਨ੍ਹਾਂ ਸਵਾਲਾਂ ‘ਤੇ ਵੋਟ ਪਾਉਣ ਲਈ ਕਿਹਾ ਜਾਵੇਗਾ। ਨੌਂ ਸਵਾਲਾਂ ਲਈ “ਹਾਂ” ਜਾਂ “ਨਹੀਂ” ਜਵਾਬ ਦੀ ਲੋੜ ਹੋਵੇਗੀ । ਇੱਕ ਸਵਾਲ ਵਿੱਚ ਵੋਟਰਾਂ ਨੂੰ ਦੋ ਵਿਕਲਪਾਂ (ਚੋਣਾਂ ) ਵਿੱਚੋਂ ਇੱਕ ਚੁਣਨ ਲਈ ਕਿਹਾ ਹੈ।

**ਤੁਹਾਡੇ ਕੋਲ ਵੋਟ ਪਾਉਣ ਦੇ ਦੋ ਤਰੀਕੇ ਹਨ:**

1. 13 ਤੋਂ 17 ਅਕਤੂਬਰ, 2026 **ਤੱਕ ਅਗਾਊਂ ਚੋਣਾਂ (ਐਡਵਾਂਸ ਵੋਟਿੰਗ) ਦੌਰਾਨ**, ਆਪਣੀ ਰਿਹਾਇਸ਼ ਦੇ ਨੇੜਲੇ ਸਥਾਨ ਤੇ ਜਾ ਕੇ ਅਗਾਊਂ ਚੋਣਾਂ ਵਾਲੇ ਦਿਨ (ਐਡਵਾਂਸ ਵੋਟਿੰਗ) ਸਥਾਨ ‘ਤੇ ਜਾ ਕੇ ਵੋਟ ਪਾਓ।
2. **ਚੋਣਾਂ ਵਾਲੇ ਦਿਨ: 19 ਅਕਤੂਬਰ, 2026 ਨੂੰ** ਆਪਣੇ ਨਿਰਧਾਰਤ ਵੋਟਿੰਗ ਸਥਾਨ ‘ਤੇ ਜਾ ਕੇ **ਵੋਟ ਪਾਓ**।

**ਨੋਟ:** ਸਪੈਸ਼ਲ ਬੈਲਟ 16 ਅਕਤੂਬਰ ਨੂੰ ਸ਼ਾਮ 5PM ਵਜੇ ਤੱਕ ਡਾਕ ਰਾਹੀਂ ‘ਇਲੈਕਸ਼ਨਜ਼ ਅਲਬਰਟਾ’ ਨੂੰ ਪ੍ਰਾਪਤ ਹੋ ਜਾਣਾ ਚਾਹੀਦਾ ਹੈ।

ਰਿਫਰੈਂਡਮ (Referendum) ਦੀਆਂ ਚੋਣਾਂ ਲਈ ਹਰ ਤਰ੍ਹਾਂ ਦੀ ਜਾਣਕਾਰੀ **elections.ab.ca** ਦੀ ਵੈਬਸਾਇਟ ਤੇ ਉਪਲਬਧ ਹੈ।


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਲੱਗਦਾ ਹੈ
ਸਹਿਰੀ ਰਹਿਣ ਸਹਿਣ ਵਿੱਚ ਵੱਡੀਆਂ ਲਾਟਾਂ,ਜੋ ਤੁਹਾਨੂੰ ਹੋਰ ਕਿਧਰੇ ਨਹੀਂ ਮਿਲਦੀਆਂ
ਹਰ ਮੌਸਮ ਲਈ ਸਥਾਪਿਤ ਸਹੂਲਤਾਂ ਅਤੇ ਗਤੀਵਿਧੀਆਂ
2027 ਵਿੱਚ ਖੁੱਲੇਗਾ ਨਵਾਂ ਹਾਰਮਨੀ ਹਾਰਬਰ ਬੀਚ
ਲੇਕ ਅਤੇ ਬੀਚ.ਗੋਲਫ.ਭਵਿੱਖੀ ਨੌਰਡਿਕ ਸਪਾ.ਸਕੇਟਿੰਗ ਰਿੰਕ.ਖੇਡ ਮੈਦਾਨ ਅਤੇ ਪਾਰਕ
$500 ਦੇ ਮੱਧ ਤੋਂ ਸ਼ੁਰੂ ਹੋਣ ਵਾਲੀ ਕਿਫਾਇਤੀ ਝੀਲ ਦੀ ਰਿਹਾਇਸ਼
liveinharmony.ca/
harmonyharbour

# ਕੈਲਗਰੀ ਦੇ ਰੇਡੀਓ ਹੋਸਟ ਰਿਸ਼ੀ ਨਾਗਰ ਨੂੰ 'ਅਲਬਰਟਾ ਇਮੀਗ੍ਰੈਂਟ ਇੰਪੈਕਟ ਐਵਾਰਡ 2026' ਨਾਲ ਸਨਮਾਨਿਤ ਕੀਤਾ ਗਿਆ







ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਮੀਡੀਆ ਅਤੇ ਭਾਈਚਾਰਕ ਸੇਵਾ ਦੇ ਖੇਤਰ ਵਿੱਚ ਲੰਮੇ ਸਮੇਂ ਤੋਂ ਸਰਗਰਮ ਅਤੇ ਰੈਡ ਐਫ ਐਮ ਦੇ ਨਿਊਜ਼ ਡਾਇਰੈਕਟਰ ਅਤੇ ਬਰਾਡਕਾਸਟਰ ਰਿਸ਼ੀ ਨਾਗਰ ਨੂੰ 'ਅਲਬਰਟਾ ਇਮੀਗ੍ਰੈਂਟ ਇੰਪੈਕਟ ਐਵਾਰਡ 2026' ਨਾਲ ਸਨਮਾਨਿਤ ਕੀਤਾ ਗਿਆ ਹੈ।ਇਹ ਸਨਮਾਨ ਅਲਬਰਟਾ ਵਿੱਚ ਇਮੀਗ੍ਰੈਂਟ ਭਾਈਚਾਰੇ ਲਈ ਉਨ੍ਹਾਂ ਦੇ ਲੰਮੇ ਸਮੇਂ ਦੇ ਯੋਗਦਾਨ, ਮੀਡੀਆ ਸੇਵਾ ਅਤੇ ਕਮਿਊਨਿਟੀ ਨਾਲ ਮਜ਼ਬੂਤ ਸਾਂਝ ਲਈ ਦਿੱਤਾ ਗਿਆ ਹੈ। ਉਨ੍ਹਾਂ ਨੇ ਇਮੀਗ੍ਰੈਂਟ ਭਾਈਚਾਰੇ ਦੀਆਂ ਪ੍ਰਾਪਤੀਆਂ, ਚੁਣੌਤੀਆਂ, ਚਿੰਤਾਵਾਂ ਅਤੇ ਆਸਾਂ ਨੂੰ ਵਿਆਪਕ ਜਨਤਕ ਚਰਚਾ ਦਾ ਹਿੱਸਾ ਬਣਾਇਆ ਹੈ।ਇਹ ਐਵਾਰਡ 2 ਅਕਤੂਬਰ 2026 ਨੂੰ ਸਦਰਨ ਅਲਬਰਟਾ ਜੁਬਲੀ ਆਡੀਟੋਰੀਅਮ ਵਿਖੇ ਹੋਏ ਸਮਾਗਮ ਦੌਰਾਨ ਐਸੋਸੀਏਟ ਮੰਤਰੀ ਮੁਹੰਮਦ ਯਾਸੀਨ ਵੱਲੋਂ ਪ੍ਰਦਾਨ ਕੀਤਾ ਗਿਆ।

ਸਮਾਗਮ ਵਿੱਚ ਸੂਬੇ ਦੀ ਲੈਫਟੀਨੈਂਟ ਗਵਰਨਰ ਸਲਮਾ ਲਖਾਨੀ ਅਤੇ ਐਡਵਾਂਸਡ ਐਜੂਕੇਸ਼ਨ ਮਨਿਸਟਰ ਮਾਇਲਜ਼ ਮੈਕਡੀਗਲ, ਪਾਰਲੀਮਾਨੀ ਸੈਕਟਰੀ ਸ਼ੈਂਟੈੱਲ ਡੀ ਯੰਗ, ਪ੍ਰੀਮੀਅਰ ਦਫਤਰ ਤੋਂ ਹੈਪੀ ਮਾਨ, ਜਤਿੰਦਰ ਤਾਤਲਾ, ਹਮਜ਼ਾ ਨਿਹਾਲ ਤੇ ਹੋਰ ਪਤਵੰਤੇ ਹਾਜ਼ਰ ਸਨ।

ਇੰਕਾ ਸੀਨੀਅਰ ਸਿਟਿਜ਼ਨਜ਼ ਸੁਸਾਇਟੀ ਦੇ ਪ੍ਰਧਾਨ ਮੇਜਰ ਸਿੰਘ ਧਾਲੀਵਾਲ, ਯੰਗ ਭੰਗੜਾ ਕਲੱਬ ਦੇ ਸੰਚਾਲਕ ਅਮਨ ਸਿੱਧੂ, ਸੀਜੀਏ ਮੈਡੀਕਲ ਸੈਂਟਰ ਅਤੇ ਕਾਲਜ ਦੀ ਸੰਸਥਾਪਕ ਡਾ: ਮੋਨਿਕਾ ਗੁਪਤਾ, ਫਾਰਮਾਸਿਸਟ ਅਰਸ਼ਦ ਮਹਿਮੂਦ ਮਿਨਹਾਸ ਸਮੇਤ ਕੁੱਲ ਵੀਹ ਵਿਅਕਤੀਆਂ ਨੂੰ ਇਸ ਮੌਕੇ ਅਜਿਹੇ ਸਨਮਾਨ ਨਾਲ ਨਿਵਾਜ਼ਿਆ ਗਿਆ ਹੈ।



















ਪੰਜਾਬੀ ਗਾਇਕੀ ਬਾਰੇ ਪੜ੍ਹਨਾ ਲਿਖਣਾ ਮੇਰਾ ਇਸ਼ਕ ਹੈ, ਇਸੇ ਇਸ਼ਕ ਦੀ ਬਦੌਲਤ ਕੱਲ੍ਹ ਉੱਘੇ ਗਾਇਕ ਹਰਭਜਨ ਮਾਨ ਜੀ ਦੇ ਬੇਟੇ ਅਵਸ਼ਾਕ ਮਾਨ ਦੀ ਫਿਲਮ ' **ਇਹ ਦਿਨ ਰੋਜ਼ ਨੀ ਆਉਣੇ** ' ਦਾ ਟਰੇਲਰ ਰਿਲੀਜ਼ ਪ੍ਰੋਗਰਾਮ ਵੇਖਣ ਦਾ ਸਬੱਬ ਬਣਿਆ। ਸਬੱਬ ਬਣਿਆ ਵੀ ਕੁਦਰਤੀਂ , ਪ੍ਰੋਗਰਾਮ ਦੀ ਤਿਆਰੀ ਸਮੇ ਗੀਤਕਾਰ ਮਨਪ੍ਰੀਤ ਟਿਵਾਣਾ ਜੀ ਰਾਤ ਨੂੰ ਲਾਈਵ ਸਨ , ਮੈਂ ਵੇਖ ਰਿਹਾ ਸੀ। ਹਰਭਜਨ ਮਾਨ ਨੇ ਜਦ ਫੋਨ ਫੜਿਆ ਤਾਂ ਉਨ੍ਹਾਂ ਦਾਸ ਦਾ ਜ਼ਿਕਰ ਕੀਤਾ। ਇੱਕ ਤਾਂ ਪ੍ਰੋਗਰਾਮ ਦੀ ਵਿਲੱਖਣ ਤਿਆਰੀ ਵੇਖ ਕੇ, ਦੂਜਾ ਆਪਣਾ ਜ਼ਿਕਰ ਸੁਣ ਕੇ ਮੈਨੂੰ ਲੱਗਿਆ ਕਿ ਜਦ ਐਡਾ ਵੱਡਾ ਫਨਕਾਰ ਤਹਾਨੂੰ ਪੜ੍ਹਦਾ ਹੈ, ਤਾਰੀਫ ਵੀ ਕਰਦਾ ਹੈ, ਸੱਦਾ ਵੀ ਖੁੱਲਾ ਹੈ ਤਾਂ ਆਪਾਂ ਨੂੰ ਵੀ ਉਨ੍ਹਾਂ ਦੀ ਖ਼ੁਸ਼ੀ ਚ ਜਰੂਰ ਸ਼ਾਮਿਲ ਹੋਣਾ ਚਾਹੀਦਾ ਹੈ। ਦੂਜਾ ਵੱਡਾ ਸਬੱਬ! **ਫਿਲਮ ਦਾ ਨਿਰਦੇਸ਼ਕ ਅਨੀਤ ਸੇਖੋਂ ਮੇਰੇ ਪਿੰਡ ਦਾ ਭਾਣਜਾ ਹੈ, ਐਂ ਹੀ ਸਮਝੋ ਸਾਡਾ ਆਪਣਾ ਹੀ ਭਾਣਜਾ ਹੈ। ਉਹ ਮੇਰੇ ਅਜ਼ੀਜ਼ ਮਿੱਤਰ ਅਤੇ ਲੇਖਕ ਗੁਰਚਰਨ ਪੱਖੋ ਕਲਾਂ ਦਾ ਭਾਣਜਾ, ਮਾਨਸਾ ਤੋਂ ਉੱਘੇ ਫਿਲਮ ਨਿਰਦੇਸ਼ਕ ਸਵ: ਦਰਸ਼ਨ ਦਰਵੇਸ਼ ਜੀ ਦਾ ਬੇਟਾ ਹੈ**।

ਮੈਂ ਸਵੇਰ ਤੋਂ ਹੀ ਮਿਥ ਲਿਆ ਸੀ ਕਿ ਜਾਣਾ ਹੀ ਜਾਣਾ ਹੈ। ਬਾਈ ਮਨਪ੍ਰੀਤ ਟਿਵਾਣਾ ਨੂੰ ਮੈਸਿਜ ਕੀਤਾ ਤਾਂ ਉਨ੍ਹਾਂ ਵੀ ਕਿਹਾ ਕਿ " ਜਰੂਰ ਆਉਣਾ, ਇੱਕ ਵਿਲੱਖਣ ਪ੍ਰੋਗਰਾਮ ਹੈ, ਵੇਖਣ ਵੰਨੀਓ ਰਹਿ ਨਾ ਜਾਇਓ, ਮੈਂ ਲੋਕੇਸ਼ਨ ਭੇਜਦਾ ਹਾਂ "। ਇੱਕ ਦੋ ਹਮਖਿਆਲ ਅਤੇ ਪੱਤਰਕਾਰ ਸਾਥੀਆਂ ਨਾਲ ਸਾਥ ਦੀ ਗੱਲ ਕੀਤੀ ਤਾਂ ਉਨ੍ਹਾਂ ਨੂੰ ਕੰਮ ਸੀ, ਜਦ ਗੁਰਚਰਨ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਜਾਣ ਦਾ ਮੇਰਾ ਵੀ ਮਨ ਸੀ, ਚਲ ਸਾਥ ਬਣ ਗਿਆ, ਚੱਲਦੇ ਹਾਂ। ਫਿਰ ਉਨ੍ਹਾਂ ਭਾਣਜੇ ਵਾਲੀ ਵੀ ਗੱਲ ਦੱਸੀ।

ਇੱਕ ਵਾਰ ਤਾਂ ਸਾਥ ਨਾ ਕਰਕੇ ਢਿੱਲ ਵੀ ਕਰ ਗਿਆ ਸੀ ਓਧਰੋਂ ਛੋਟੇ ਵੀਰ ਅਤੇ ਮੇਰੇ ਲੇਖਣੀ ਦੇ ਮਾਰਗ ਦਰਸ਼ਕ ਬਾਈ ਨਿੰਦਰ ਘੁਗਿਆਣਵੀ ਜੀ ਦਾ ਫੋਨ ਆਈ ਜਾਵੇ, " ਮੁਖਤਿਆਰ! ਵੱਡੇ ਬਾਈ ਕਿੱਥੇ ਐਂ ਤੂੰ? ਅਸੀਂ ਤਾਂ ਖੇਮੂਆਣੇ ਆਏ ਬੈਠੇ ਹਾਂ ! ਤੁਸੀ ਕਿੱਥੇ ਰਹਿ ਗਏ ? ਰਾਤ ਵੇਖ ਲੈ ਤੈਨੂੰ ਲਾਈਵ ਚ ਹਰਭਜਨ ਵੀ ਯਾਦ ਕਰ ਰਿਹਾ ਸੀ, ਜਰੂਰ ਆਉਣਾ.. ਮਿੱਸ ਨੀ ਕਰਨਾ ।" ਮੈਂ ਤੇ ਗੁਰਚਰਨ ਸਾਢੇ ਚਾਰ ਕੁ ਵਜੇ ਪਹੁੰਚ ਗਏ। ਚਾਰ ਚੁਫੇਰੇ ਰੌਣਕਾਂ ਲੱਗੀਆਂ ਸਨ। ਸਾਰਾ ਪਿੰਡ ਤੇ ਇਲਾਕਾ ਉੱਥੇ ਪਹੁੰਚਿਆ ਹੋਇਆ ਸੀ। ਜਲੇਬੀਆਂ ਪਕੌੜਿਆਂ ਦਾ ਖੁੱਲ੍ਹਾ ਲੰਗਰ ਚੱਲ ਰਿਹਾ ਸੀ। ਮਾਨ ਸਾਹਿਬ ਨੂੰ ਮਿਲੇ। ਜਦ ਕਿਸੇ ਮਹਾਨ ਹਸਤੀ ਨੂੰ ਪਹਿਲੀ ਵਾਰ ਮਿਲਣ ਤੋਂ ਪਹਿਲਾਂ ਤੁਹਾਡਾ ਨਾਮ ਉੱਥੇ ਪਹਿਲਾਂ ਹੀ ਪੁੱਜਿਆ ਹੋਵੇ ਤਾਂ ਪਹਿਚਾਣ ਦੱਸ ਕੇ ਮਿਲਣ ਦਾ ਅਨੰਦ ਹੀ ਵੱਖਰਾ ਹੈ । ਖੁਦ ਮਾਨ ਨੇ ਫਿਰ ਰਾਤ ਵਾਲੀ ਗੱਲ ਦੁਹਰਾਉਂਦਿਆਂ ਗਲਵੱਕੜੀ ਪਾ ਕੇ ਖ਼ੁਸ਼ਆਮਦੀਦ ਕਿਹਾ।

ਮੈਨੂੰ ਉਨਾ ਦੇ ਘਰ ਦੇ ਮੁੱਖ ਦਰਵਾਜੇ ਦਾ ਗੇਟ ਲੰਘਦਿਆਂ ਸਭ ਤੋਂ ਪਹਿਲਾਂ ਇਸ ਗੱਲ ਨੇ ਪ੍ਰਭਾਵਿਤ ਕੀਤਾ ਕਿ 1962 ਵਿਚ ਬਣਿਆ ਘਰ ਉਸੇ ਰੂਪ ਚ ਸੰਭਾਲਿਆ ਹੋਇਆ ਹੈ। ਉਹੀ ਦਰਵਾਜਾ, ਰਸੋਈ, ਬਰਾਂਡਾ, ਬੈਠਕਾਂ, ਕੰਧੋਲੀ, ਟੈਲ ਬਾਲੇ ਦੀਆਂ ਛੱਤਾਂ। ਨਹੀਂ ਅੱਜ ਕੱਲ ਪੈਸਾ ਆਉਂਦਿਆਂ ਅਗਲਾ ਸ਼ਹਿਰ ਨੂੰ ਭੱਜਦਾ, ਘਰ ਵੀ ਵੇਚ ਜਾਂਦਾ। ਜਾਂ ਫਿਰ ਸੋਚਦਾ ਕਿ ਪਿੰਡ ਚ ਮਹਿਲ ਵਰਗੀ ਕੋਠੀ ਬਣਾਈਏ, ਜੋ ਸਾਰੇ ਪਿੰਡ ਤੋਂ ਉੱਚੀ ਵੱਡੀ ਤੇ ਵੱਖਰੀ ਹੋਵੇ। ਬੇਸ਼ੱਕ ਘਰ ਦੇ ਆਸ ਪਾਸ ਵੱਡੀਆਂ ਤੇ ਉੱਚੀਆਂ ਕੋਠੀਆਂ ਵੀ ਹਨ ਪਰ ਵਿਲੱਖਣਤਾ ਇਸ ਘਰ ਦੀ ਹੀ ਹੈ ਕਿ 64 ਸਾਲ ਪੁਰਾਣਾ ਘਰ ਉਸੇ ਰੂਪ ਚ ਸੰਭਾਲਿਆ ਹੋਇਆ ਹੈ । ਮਾਨ ਸਾਹਿਬ ਖੁਦ ਦੱਸ ਰਹੇ ਸੀ ਕਿ ਔਹ ਸਾਹਮਣੀ ਬੈਠਕ ਚ ਮੈਂ ਤੇ ਗੁਰਸੇਵਕ ਬਚਪਨ ਚ ਕਵੀਸ਼ਰੀ ਗਾਉਂਦੇ ਹੁੰਦੇ ਸੀ। ਇੱਥੋਂ ਹੀ ਮੇਰਾ ਸਫ਼ਰ ਸ਼ੁਰੂ ਹੋਇਆ ਸੀ ਤੇ ਅੱਜ ਇੱਥੋਂ ਹੀ ਬੇਟੇ ਦਾ ਹੋ ਰਿਹਾ।

ਦੂਜੀ ਪ੍ਰਭਾਵਿਤ ਕਰਨ ਵਾਲੀ ਗੱਲ ਕਿ ਉਨ੍ਹਾਂ ਨੇ ਬੇਟੇ ਦੀ ਫਿਲਮ ਦੇ ਟਰੇਲਰ ਲਈ ਉਨ੍ਹਾਂ ਆਪਣੇ ਜੱਦੀ ਪਿੰਡ, ਫਿਰ ਘਰ ਨੂੰ ਚੁਣਿਆ। ਉਹ ਚਾਹੁੰਦੇ ਤਾਂ ਚੰਡੀਗੜ੍ਹ ਜਾਂ ਕਿਤੇ ਹੋਰ ਮਹਿੰਗੇ ਪੈਲਿਸ ਜਾਂ ਫਾਰਮ ਹਾਊਸ ਚ ਪ੍ਰੋਗਰਾਮ ਰੱਖ ਸਕਦੇ ਸੀ। ਆਮ ਲੋਕਾਂ ਦੀ ਥਾਂ ਵੱਡੀਆਂ ਹਸਤੀਆਂ ,ਲੀਡਰ, ਫਨਕਾਰ ਬੁਲਾ ਸਕਦੇ ਸਨ। ਉਹ ਦੱਸਦੇ ਸਨ ਕਿ ਡੀਸੀ ਬਠਿੰਡਾ ਨੇ ਕਿਹਾ ਸੀ ਕਿ ਘਰ ਦੀ ਥਾਂ ਦਾਣਾ ਮੰਡੀ ਚ ਰੱਖ ਲਓ, ਇਕੱਠ ਬਹੁਤ ਹੋ ਜਾਣਾ, ਪਰ ਫਿਰ ਵੀ ਉਨ੍ਹਾਂ ਘਰ ਨੂੰ ਹੀ ਤਰਜੀਹ ਦਿੱਤੀ। ਬੇਸ਼ੱਕ ਜੱਟ ਜਿਮੀਦਾਰਾਂ ਵਾਲਾ ਖੁੱਲ੍ਹੇ ਵਿਹੜੇ ਵਾਲਾ ਘਰ ਹੈ ਪਰ ਫਿਰ ਵੀ ਥਾਂ ਨਾ ਮਿਲਣ ਕਰਕੇ ਲੋਕਾਂ ਨੂੰ ਆਸ ਪਾਸ ਦੇ ਕੋਠਿਆਂ ਚੁਬਾਰਿਆਂ ਤੇ ਚੜ੍ਹਨਾ ਪਿਆ। ਹਰਭਜਨ ਮਾਨ ਨੇ ਇੱਕ ਟਿੱਬਿਆਂ ਵਾਲੇ ਪਿੰਡ ਚੋਂ ਉੱਠ ਕੇ ਸ਼ੋਹਰਤ ਦੀ ਟੀਸੀ ਨੂੰ ਛੂਹਿਆ ਪਰ ਉਸ ਦੀਆਂ ਜੜ੍ਹਾਂ ਅੱਜ ਵੀ ਪਿੰਡ ਚ ਹੀ ਨੇ। ਉਸ ਦੇ ਗੀਤਾਂ ਜਾਂ ਫਿਲਮਾਂ ਚ ਹੀ ਪਿੰਡ ਦਾ ਹੇਜ ਨਹੀਂ ਸਗੋਂ ਇਹ ਹੇਜ ਉਸ ਦੇ ਦਿਲ ਚ ਧੜਕਦਾ ਹੈ, ਇਸ ਦੀ ਸਭ ਤੋਂ ਵੱਡੀ ਮਿਸਾਲ ਇਹ ਪ੍ਰੋਗਰਾਮ ਸੀ।



**ਹਰਭਜਨ ਮਾਨ ਨੇ ਇੱਕ ਟਿੱਬਿਆਂ ਵਾਲੇ ਪਿੰਡ ਚੋਂ ਉੱਠ ਕੇ ਸ਼ੋਹਰਤ ਦੀ ਟੀਸੀ ਨੂੰ ਛੂਹਿਆ ਪਰ ਉਸ ਦੀਆਂ ਜੜ੍ਹਾਂ ਅੱਜ ਵੀ ਪਿੰਡ ਚ ਹੀ ਨੇ। ਉਸ ਦੇ ਗੀਤਾਂ ਜਾਂ ਫਿਲਮਾਂ ਚ ਹੀ ਪਿੰਡ ਦਾ ਹੇਜ ਨਹੀਂ ਸਗੋਂ ਇਹ ਹੇਜ ਉਸ ਦੇ ਦਿਲ ਚ ਧੜਕਦਾ ਹੈ, ਇਸ ਦੀ ਸਭ ਤੋਂ ਵੱਡੀ ਮਿਸਾਲ ਇਹ ਪ੍ਰੋਗਰਾਮ ਸੀ। ਤੀਜੀ ਗੱਲ ਜਿਸ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ, ਉਸ ਸੀ ਪਿੰਡ ਵਾਲਿਆਂ ਦਾ ਵਰਤੋਂ ਵਿਹਾਰ ਤੇ ਸ਼ਲੀਕਾ। ਬੇਸ਼ੱਕ ਡੀਸੀ ਅਤੇ ਐਸ ਐਸ ਪੀ ਦੀ ਮੌਜੂਦਗੀ ਕਾਰਨ ਪੁਲਿਸ ਫੋਰਸ ਬਹੁਤ ਲੱਗੀ ਸੀ ਪਰ ਕਿਸੇ ਨੂੰ ਕਿਤੇ ਕੋਈ ਅੰਦਰ ਬਾਹਰ ਜਾਣ ਤੋਂ ਰੋਕ ਟੋਕ ਨਹੀਂ ਸੀ। ਵਰਾਂਡਿਆਂ ਅੱਗੇ ਬਣੀ ਕੰਧੋਲੀ ਅੰਦਰ ਸੌ ਕੁ ਕੁਰਸੀ ਲੱਗੀ ਸੀ ਜੋ ਮਹਿਮਾਨਾਂ ਅਤੇ ਪ੍ਰੈਸ ਲਈ ਸੀ ਪਰ ਉੱਥੇ ਕਿਸੇ ਵੀ ਲੋਕਲ ਬੰਦੇ ਨੀ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਸੈਕੜੇ ਹਜਾਰਾਂ ਲੋਕ ਕੰਧੌਲੀ ਤੋਂ ਬਾਹਰ ਵਿਹੜੇ ਚ ਲੱਗੀਆਂ ਕੁਰਸੀਆਂ ਤੇ ਅਰਾਮ ਨਾਲ ਬੈਠੇ ਸਨ, ਜਿਨ੍ਹਾਂ ਨੂੰ ਥਾਂ ਨਹੀਂ ਮਿਲੀ ਉਹ ਬੜੇ ਅਰਾਮ ਨਾਲ ਕੋਠਿਆਂ ਬਨੇਰਿਆਂ ਤੇ ਬੈਠੇ ਸਨ, ਉਹ ਦੂਰੋਂ ਵੇਖ ਹੀ ਨਹੀਂ ਰਹੇ ਸਨ, ਪ੍ਰੋਗਰਾਮ ਨੂੰ ਰੂਹ ਨਾਲ ਮਾਣ ਵੀ ਰਹੇ ਸਨ।**




ਤੀਜੀ ਗੱਲ ਜਿਸ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ, ਉਸ ਸੀ ਪਿੰਡ ਵਾਲਿਆਂ ਦਾ ਵਰਤੋਂ ਵਿਹਾਰ ਤੇ ਸ਼ਲੀਕਾ। ਬੇਸ਼ੱਕ ਡੀਸੀ ਅਤੇ ਐਸ ਐਸ ਪੀ ਦੀ ਮੌਜੂਦਗੀ ਕਾਰਨ ਪੁਲਿਸ ਫੋਰਸ ਬਹੁਤ ਲੱਗੀ ਸੀ ਪਰ ਕਿਸੇ ਨੂੰ ਕਿਤੇ ਕੋਈ ਅੰਦਰ ਬਾਹਰ ਜਾਣ ਤੋਂ ਰੋਕ ਟੋਕ ਨਹੀਂ ਸੀ। ਵਰਾਂਡਿਆਂ ਅੱਗੇ ਬਣੀ ਕੰਧੋਲੀ ਅੰਦਰ ਸੌ ਕੁ ਕੁਰਸੀ ਲੱਗੀ ਸੀ ਜੋ ਮਹਿਮਾਨਾਂ ਅਤੇ ਪ੍ਰੈਸ ਲਈ ਸੀ ਪਰ ਉੱਥੇ ਕਿਸੇ ਵੀ ਲੋਕਲ ਬੰਦੇ ਨੀ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਸੈਕੜੇ ਹਜਾਰਾਂ ਲੋਕ ਕੰਧੌਲੀ ਤੋਂ ਬਾਹਰ ਵਿਹੜੇ ਚ ਲੱਗੀਆਂ ਕੁਰਸੀਆਂ ਤੇ ਅਰਾਮ ਨਾਲ ਬੈਠੇ ਸਨ, ਜਿਨ੍ਹਾਂ ਨੂੰ ਥਾਂ ਨਹੀਂ ਮਿਲੀ ਉਹ ਬੜੇ ਅਰਾਮ ਨਾਲ ਕੋਠਿਆਂ ਬਨੇਰਿਆਂ ਤੇ ਬੈਠੇ ਸਨ, ਉਹ ਦੂਰੋਂ ਵੇਖ ਹੀ ਨਹੀਂ ਰਹੇ ਸਨ, ਪ੍ਰੋਗਰਾਮ ਨੂੰ ਰੂਹ ਨਾਲ ਮਾਣ ਵੀ ਰਹੇ ਸਨ। ਬਾਹਾਂ ਉਲਾਰ ਕੇ ਹੱਥ ਹਿਲਾ ਕੇ ਆਪਣੀ ਹਾਜਰੀ ਲਵਾ ਰਹੇ ਸਨ। ਖੁੱਲ੍ਹੇ ਸੱਦੇ ਵਾਲੇ ਇਸ ਪ੍ਰੋਗਰਾਮ ਚ ਐਨਾ ਇਕੱਠ ਹੋਣ ਦੇ ਬਾਵਜੂਦ ਕੋਈ ਧੱਕਾ ਮੁੱਕੀ ਜਾਂ ਹੁੱਲੜਬਾਜੀ ਨਹੀਂ ਸੀ। ਬੇਸ਼ੱਕ ਇਸ ਸਬੰਧੀ ਕਿਸੇ ਨਾਲ ਗੱਲਬਾਤ ਨਹੀਂ ਹੋਈ ਪਰ ਲੋਕਾਂ ਦੇ ਚਿਹਰਿਆਂ ਤੋਂ ਸਾਫ ਪੜ੍ਹਿਆ ਜਾ ਸਕਦਾ ਸੀ ਇਹ ਸਭ ਹਰਭਜਨ ਮਾਨ ਦੇ ਪਿੰਡ ਪ੍ਰਤੀ ਪਿਆਰ, ਵਰਤੋਂ -ਵਿਹਾਰ, ਸ਼ਲੀਕੇ, ਦੇ ਮੋੜਵਾਂ ਰੂਪ ਸੀ ਜੋ ਲੋਕ ਅੱਜ ਤਹਿਜ਼ੀਬ, ਡਿਸਪਲਨ ਚ ਰਹਿ ਕੇ ਵੇਖ ਰਹੇ ਸਨ। ਨਹੀਂ ਆਥਣ ਦਾ ਪ੍ਰੋਗਰਾਮ ਸੀ ਅਤੇ ਸਾਨੂੰ ਪਿੰਡਾਂ ਚ ਆਥਣ ਦੇ ਮਹੌਲ ਦਾ ਪਤਾ ਹੀ ਹੁੰਦਾ ਪਰ ਇੱਕ ਵੀ ਅਜਿਹਾ ਬੰਦਾ ਨਹੀਂ ਮਿਲਿਆ ਜੋ ਪ੍ਰੋਗਰਾਮ ਨੂੰ ਖਰਾਬ ਕਰਦਾ ਨਜ਼ਰ ਆਇਆ ਹੋਵੇ।

**ਅਕਸਰ ਬਹੁਤਿਆਂ ਮਸ਼ਹੂਰ ਬੰਦਿਆਂ ਦੇ ਪਿੰਡ ਦੇ ਲੋਕਾਂ ਤੋਂ ਇਹੀ ਸੁਣੀਦਾ ਹੈ , " ਕਿ ਹੈ ਤਾਂ ਯਰ ਸਾਡੇ ਪਿੰਡ ਦਾ ਹੀ ਹੈ,ਪਰ ਪੈਰ ਛੱਡ ਗਿਆ " ਪਰ ਇਹ ਪ੍ਰੋਗਰਾਮ ਵੇਖ ਕੇ ਪਤਾ ਲੱਗਿਆ ਕਿ ਹਰਭਜਨ ਮਾਨ ਪੈਰ ਨਹੀ ਛੱਡੇ ਸਗੋਂ ਪੈਰ ਪਿੰਡ ਚ ਹੀ ਗੱਡੇ ਹੋਏ ਨੇ। ਉਹ ਆਪਣੀਆਂ ਜੜ੍ਹਾਂ ਨੂੰ ਹੀ ਭੁੱਲਿਆ ਨਹੀਂ ਸਗੋਂ ਬੋਹੜ ਦੇ ਦਰਖਤ ਵਾਂਗੂ ਟਾਹਣਿਆਂ ਚੋਂ ਫੁੱਟਦੀ ਦਾਹੜੀ ਵੀ ਪਿੰਡ ਦੀ ਮਿੱਟੀ ਚ ਲਾਉਣ ਦੀ ਕੋਸ਼ਿਸ਼ 'ਚ ਹੈ।**

ਇਸ ਨਿਵੇਕਲੇ ਉਪਰਾਲੇ ਲਈ ਪੂਰਾ ਮਾਨ ਪਰਿਵਾਰ ਵਧਾਈ ਦਾ ਪਾਤਰ ਹੈ, ਪੂਰਾ ਪਿੰਡ ਵਧਾਈ ਦਾ ਪਾਤਰ ਹੈ। ਇੱਕ ਵਾਰ ਤਾਂ ਮੈਂ ਘੌਲ ਚ ਨਾ ਜਾਣ ਦਾ ਬਣਾ ਲਿਆ ਸੀ ਕਿ ਇੱਥੇ ਬਹਿ ਕੇ ਲਾਈਵ ਤੇ ਵੇਖ ਲਾਂ ਗੇ ਪਰ ਜੋ ਅਨੰਦ ਉੱਥੇ ਜਾ ਕੇ, ਪ੍ਰੋਗਰਾਮ ਨੂੰ ਅੱਖੀਂ ਵੇਖ ਕੇ, ਵਿੱਚ ਹਾਜਰ ਰਹਿ ਕੇ ਆਇਆ, ਉਸ ਨੂੰ ਦੱਸਣ ਲਈ ਮੇਚ ਦੇ ਸ਼ਬਦ ਨੀ ਔੜ ਰਹੇ । ਮਨਪ੍ਰੀਤ ਟਿਵਾਣਾ ਜੀ ਵੀ ਵਧਾਈ ਦੇ ਪਾਤਰ ਹਨ, ਪ੍ਰੋਗਰਾਮ ਦੀਆਂ ਤਿਆਰੀਆਂ ਚ ਉਨ੍ਹਾਂ ਵੀ ਕਾਫੀ ਯੋਗਦਾਨ ਹੈ । ਕੁੱਲ ਮਿਲਾ ਕੇ ਪੰਜਾਬੀ ਗਾਇਕੀ ਅਤੇ ਪੰਜਾਬੀ ਸਿਨੇਮੇ ਲਈ ਇੱਕ ਇਤਿਹਾਸਕ ਦਿਨ ਸੀ।

**9 ਅਕਤੂਬਰ 2026** ਨੂੰ ਫਿਲਮ ਆ ਰਹੀ ਹੈ, ਵੇਖਾਂਗੇ ਅਤੇ ਤੁਸੀਂ ਵੀ ਵੇਖਿਓ! ਉਮੀਦ ਹੀ ਨਹੀਂ ਸਗੋਂ ਯਕੀਨ ਹੈ ਕਿ ਵਧੀਆ ਹੀ ਹੋਵੇਗੀ। ਹਰਭਜਨ ਮਾਨ ਨੇ ਕਦੇ ਮਿਆਰ ਨਾਲ ਸਮਝੌਤਾ ਨਹੀਂ ਕੀਤਾ, ਉਨ੍ਹਾਂ ਦੀ ਪ੍ਰੀਵਰਸ਼ ਚ ਪਲਿਆ ਅਵਕਾਸ਼ ਵੀ ਉਨ੍ਹਾਂ ਵਾਂਗੂ ਬੇਹੱਦ ਨਿਮਰ ਹੈ ਅਤੇ ਉਹ ਵੀ ਉਨ੍ਹਾਂ ਦੇ ਪਦ ਚਿੰਨ ਚਲਦਿਆਂ ਕੁੱਝ ਚੰਗਾ ਹੀ ਕਰੇਗਾ।

ਸੱਚਮੁੱਚ! ਇਹ ਦਿਨ ਰੋਜ਼ ਨੀ ਆਉਣੇ। ਜਿੱਥੇ ਵੀ ਮੌਕਾ ਮਿਲੇ ਹਰ ਦਿਨ, ਹਰ ਪਲ ਨੂੰ ਮਾਣ ਲੈਣਾ ਚਾਹੀਦਾ ਹੈ।


ਗੱਲ ਤਾਂ
ਪਰਦੇ
ਦੀ ਹੀ ਹੈ !
TWC
TIMELESS WINDOW
COVERINGS
ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ
ਕਾਲ: 403 953 1000
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।
E Mail: Contact@twcoverings.com
Web: www.twcoverings.com
Timelesswindowcoverings

# ਕੌਮੀ ਸੁਲਾਹ-ਸਫ਼ਾਈ ਦਿਵਸ ਦੇ ਵੰਨ-ਸੁਵੰਨੇ ਸਮਾਗਮ ਸਦਭਾਵਨਾ ਭਰਿਆ ਮਾਹੌਲ ਸਿਰਜ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਚ 30 ਸਤੰਬਰ ਦਾ ਦਿਨ ਕੌਮੀ ਸੁਲਾਹ-ਸਫ਼ਾਈ ਦਿਵਸ (National Reconciliation Day) ਵਜੋਂ ਮਨਾਇਆ ਗਿਆ ਜਿਸ ਨੂੰ ਕੇਸਰੀ ਕਮੀਜ਼ ਦਿਵਸ (Orange Shirt Day) ਵੀ ਕਹਿੰਦੇ ਹਨ। ਇਸ ਦੀ ਪੂਰਵ-ਸੰਧਿਆ ਮੌਕੇ 29 ਸਤੰਬਰ ਨੂੰ ਕੇਂਦਰੀ ਲਾਇਬਰੇਰੀ ਵਿਖੇ "ਵਾ ਪਾ ਕੇ" () ਕੱਲ੍ਹ ਨਾਂ ਦੀ ਦਸਤਾਵੇਜ਼ੀ ਫਿਲਮ ਵਿਖਾਈ ਗਈ। ਇਸ ਵਿਚ ਡਾ. ਜੂਲਜ਼ ਅਰੀਟੀ ਕੂਸਤਾਚਿਨ ਨੇ ਰਿਹਾਇਸ਼ੀ ਸਕੂਲਾਂ ਵਿਚ ਬੱਚਿਆਂ ਨਾਲ਼ ਹੋਏ ਅਣ-ਮਨੁੱਖੀ ਵਤੀਰੇ ਦੀ ਘਿਨਾਉਣੀ ਦਾਸਤਾਨ ਪੇਸ਼ ਕੀਤੀ। ਜੂਲਜ਼ ਦੀ ਮਾਂ ਅਤੇ ਹੋਰਾਂ ਪੀੜਤਾਂ ਨੇ ਕੈਮਰੇ ਸਾਹਮਣੇ ਆ ਕੇ ਆਪਣੀ ਹੱਡੀਂ-ਹੰਢਾਈ ਦਰਦ ਭਰੀ ਵਿਥਿਆ ਬਿਆਨ ਕੀਤੀ। ਕਿਵੇਂ ਇਨ੍ਹਾਂ ਸਕੂਲਾਂ ਤੋਂ ਬਚ ਕੇ ਆਏ ਲੋਕ ਆਪਣੇ ਬੱਚਿਆਂ, ਆਪਣੀ ਜ਼ਬਾਨ, ਆਪਣਾ ਜੀਵਨ-ਢੰਗ, ਆਪਣਾ ਪਰਿਵਾਰ ਆਦਿ ਨੂੰ ਸੰਭਾਲਣ ਵਿਚ ਅਸਮਰੱਥ ਰਹੇ, ਨਸ਼ਿਆਂ ਦਾ ਸ਼ਿਕਾਰ ਹੋਏ, ਘਰ-ਪਰਿਵਾਰ ਤਬਾਹ ਹੋਏ ਤੇ ਇਹ ਸਦਮਾ ਅਜੇ ਵੀ ਮਾਰੂ ਅਸਰ ਪਾ ਰਿਹਾ ਹੈ। ਜੂਲਜ਼ ਨੇ ਦਰਸ਼ਕਾਂ ਦੇ ਰੂ-ਬ-ਰੂ ਹੋ ਕੇ ਸਵਾਲਾਂ ਦੇ ਜਵਾਬ ਦਿੱਤੇ।








2. ਅਗਲੇ ਦਿਨ 30 ਸਤੰਬਰ ਨੂੰ ਸਵੇਰੇ ਸੰਗਮ (Confluence Park Site) ਦੇ ਸਥਾਨ 'ਤੇ ਖੁੱਲ੍ਹੇ ਮੈਦਾਨ ਵਿਚ ਸਮਾਗਮ ਹੋਇਆ ਜਿਸ ਦਾ ਸੰਚਾਲਨ ਚੀਫ਼ ਟਰਾਵਿਸ ਪਲੇਟਿਡ ਹੇਅਰ ਨੇ ਕੀਤਾ। ਸੰਤਰੀ ਕਮੀਜ਼ਾਂ ਪਾਈ ਲੋਕਾਂ ਦੇ ਭਾਰੀ ਇਕੱਠ ਨੇ ਵਿਸ਼ਾਲ ਮੈਦਾਨ ਨੂੰ ਸੰਤਰੀ ਰੰਗਾ ਬਣਾ ਦਿੱਤਾ। ਐਡਲੀਨ ਸਮਿੱਥ, ਡੋਲੋਰਸ ਮੈਨੀਲੇਅਰਜ਼ ਅਤੇ ਪੀਟਰ ਵੀਜ਼ਲ ਮੋਕਾਸਿਨ ਨੇ ਰਿਹਾਇਸ਼ੀ ਸਕੂਲਾਂ ਦੇ ਘਾਤਕ ਨਤੀਜਿਆਂ ਬਾਰੇ ਦੱਸ ਕੇ ਇਸ ਸਚਾਈ ਨੂੰ ਮੰਨਣ ਅਤੇ ਹਮਦਰਦੀ ਭਰੇ ਵਤੀਰੇ ਦੀ ਲੋੜ ਤੇ ਜ਼ੋਰ ਦਿੱਤਾ। ਟੀਪੀਆਂ ਦੇ ਘੇਰੇ ਅੰਦਰ ਡਫਲੀਆਂ ਦੀ ਤਾਲ ਉਪਰ ਰਵਾਇਤੀ ਗੀਤ ਤੇ ਨਾਚ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੇ। ਇਕ ਪਾਸੇ ਹਜ਼ਾਰਾਂ ਪੀੜਤਾਂ ਦੇ ਨਾਵਾਂ ਵਾਲਾ ਵੱਡ-ਆਕਾਰੀ ਬੈਨਰ ਪੌੜੀਆਂ ਸਹਾਰੇ ਲਾ ਕੇ ਉਨ੍ਹਾਂ ਭਟਕਦੀਆਂ ਰੂਹਾਂ (Wandering Spirits) ਨੂੰ ਪੌੜ-ਸਲਾਮੀ (Ladder Salute) ਦਿੱਤੀ ਗਈ। ਫ਼ਸਟ ਨੇਸ਼ਨਜ਼ ਸਹਿਜ਼ਾਦੀ (Princess) ਰੇਗਨ ਫਸਟ ਰਾਈਡਰ, ਪਾਉਲਾ ਸਮਿੱਥ, ਆਟਮ ਈਗਲ ਸਪੀਕਰ, ਗੈਰਿਟ ਸਮਿੱਥ, ਸ਼ੈਰੀ ਤੇ ਹੋਰ ਉੱਘੇ ਨੇਟਿਵ ਆਗੂ ਮੌਜੂਦ ਸਨ।

3. ਤੀਜੇ ਪ੍ਰੋਗਰਾਮ ਵਿਚ ਬੋਅ ਰਿਵਰ ਕਿਨਾਰੇ ਪੀਸ ਬ੍ਰਿੱਜ ਤੋਂ ਸ਼ੁਰੂ ਹੋ ਕੇ ਲੋਕਾਂ ਦਾ ਮਾਰਚ ਕੰਟੈਂਪਰੇਰੀ ਕੈਲਗਰੀ ਵਿਖੇ ਪਹੁੰਚਿਆ। ਇਸ ਕੰਪਲੈਕਸ ਵਿਚ ਨੇਟਿਵ ਲੋਕਾਂ ਨੇ ਆਪਣੇ ਹੱਥੀਂ ਬਣਾਈਆਂ ਦਸਤਕਾਰੀ ਦੀਆਂ ਵਸਤਾਂ ਦੇ ਸਟਾਲ ਲਾਏ ਹੋਏ ਸਨ ਜਿਨ੍ਹਾਂ ਵਿਚ ਕਾਇਨਾਇ ਨੇਸ਼ਨ ਦਾ ਪ੍ਰਤਿਭਾਸ਼ਾਲੀ ਪੇਂਟਰ ਕਲਾਕਾਰ ਕੈਲਮ ਡਾਨ ਅਤੇ ਚੀਫ਼ ਈਵਾਨ ਈਗਲਟੇਲ ਸ਼ਾਮਲ ਸਨ। ਇੱਥੇ ਥੀਏਟਰ ਵਿਚ ਕਈ ਗਰੁਪਾਂ ਨੇ ਰਵਾਈਤੀ ਨਾਚ ਗਾਣੇ ਪੇਸ਼ ਕੀਤੇ। ਮੇਟੀਆਂ ਦੀ ਐਲਡਰ, ਜੈਨਿਸ ਜਿਗਿਆਸੂਆਂ ਦੇ ਸਵਾਲਾਂ ਦੇ ਜਵਾਬ ਦੇ ਰਹੀ ਸੀ।

4. ਇਸੇ ਦਿਨ ਸ਼ਾਮ ਨੂੰ ਕੇਂਦਰੀ ਲਾਇਬਰੇਰੀ ਵਿਖੇ "ਅਸੀਂ ਕਹਾਣੀਆਂ ਦਸਦੇ ਹਾਂ" (Achimowina) ਨਾਂ ਦੇ ਪ੍ਰੋਗਰਾਮ ਵਿਚ ਜਾਣੀ-ਪਛਾਣੀ ਮੇਟੀ ਲੇਖਿਕਾ, ਨਾਟਕਕਾਰ, ਕਹਾਣੀਵੇਤਾ ਅਤੇ ਐਲਡਰ , ਮੇਰੀਆ ਕੈਂਬਲ ਨੇ ਭਰੇ ਹਾਲ ਵਿਚ ਮੇਟੀ ਲੋਕਾਂ ਦੇ ਇਤਿਹਾਸ, ਸਭਿਆਚਾਰ ਅਤੇ ਰਿਹਾਇਸ਼ੀ ਸਕੂਲਾਂ ਤੋਂ ਉਪਜੇ ਸਦਮੇ ਬਾਰੇ ਵਿਸਥਾਰ ਵਿਚ ਦੱਸਿਆ। ਮਗਰੋਂ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਕੈਲਗਰੀ ਦੀ ਮੇਟੀ ਆਗੂ ਕਾਰਮਨ ਲਾਸਾਂਟੇ ਨੇ ਸੁਚਾਰੂ ਰੂਪ ਵਿਚ ਪ੍ਰੋਗਰਾਮ ਪੇਸ਼ ਕੀਤਾ।

ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਜਗਦੇਵ ਸਿੱਧੂ, ਸਤਨਾਮ ਸ਼ੇਰਗਿੱਲ, ਜਰਨੈਲ ਤੱਗੜ ਅਤੇ ਸਵਰਨ ਸਿੰਘ ਧਾਲ਼ੀਵਾਲ਼ ਨੇ ਸ਼ਾਮਲ ਹੋ ਕੇ ਅਹਿਮ ਆਗੂਆਂ, ਪ੍ਰੋਫੈਸਰਾਂ, ਕਲਾਕਾਰਾਂ, ਵਕਤਿਆਂ ਅਤੇ ਐਲਡਰ ਲੋਕਾਂ ਨਾਲ਼ ਗੱਲਬਾਤ ਕਰ ਕੇ ਆਪਣੇ ਭਾਈਚਾਰੇ ਵੱਲੋਂ ਸੁਲਾਹ-ਸਫ਼ਾਈ ਲਈ ਕੰਮ ਕਰਨ ਦੀ ਰੁਚੀ ਬਾਰੇ ਦੱਸਿਆ ਤੇ ਉਮੀਦ ਕੀਤੀ ਕਿ ਅੱਗੇ ਤੋਂ ਅਜਿਹੇ ਪ੍ਰੋਗਰਾਮਾਂ ਵਿਚ ਵਧੇਰੀ ਗਿਣਤੀ ਵਿਚ ਸ਼ਮੂਲੀਅਤ ਹੋਵੇਗੀ।






# ਨਿਰਵੈਰ ਪਨੂੰ ਨੇ ਕੀਤੀ ਨਿੰਦਰ ਦੀ ਕਿਤਾਬ ਰਿਲੀਜ਼



ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਦੇ ਉਘੇ ਲੇਖਕ ਤੇ ਭਾਰਤ ਸਰਕਾਰ ਦੇ ਸਭਿਆਚਾਰਕ ਮੰਤਰਾਲੇ ਦੇ ਸੀਨੀਅਰ ਫੈਲੋ ਨਿੰਦਰ ਘੁਗਿਆਣਵੀ ਦੀ ਪਦਮ ਸ਼੍ਰੀ ਸ਼ਾਇਰ ਸਵਰਗੀ ਸੁਰਜੀਤ ਪਾਤਰ ਦੀਆਂ ਯਾਦਾਂ ਉਤੇ ਅਧਾਰਿਤ ਪੁਸਤਕ 'ਪੰਜ ਸਾਲ ਪਾਤਰ ਨਾਲ' ਦਾ ਦੂਜਾ ਐਡੀਸ਼ਨ ਉਘੇ ਗਾਇਕ ਤੇ ਅਦਾਕਾਰ ਨਿਰਵੈਰ ਪਨੂੰ, ਫਿਲਮਕਾਰ ਤੇ ਲੇਖਕ ਜਤਿੰਦਰ ਮੋਹਰ, ਅਦਾਕਾਰ ਕੁਲਜਿੰਦਰ ਸਿੱਧੂ ਨੇ ਰਿਲੀਜ ਕੀਤਾ। ਨਿੰਦਰ ਘੁਗਿਆਣਵੀ ਨੇ ਇਸ ਮੌਕੇ ਦੱਸਿਆ ਕਿ ਇਸ ਕਿਤਾਬ ਵਿਚ ਪੰਜਾਬ ਆਰਟਸ ਕੌਂਸਲ ਚੰਡੀਗੜ ਵਿਖੇ ਚੇਅਰਪਰਸਨ ਨਿਯੁਕਤ ਸੁਰਜੀਤ ਪਾਤਰ ਨਾਲ ਬਿਤਾਏ ਪੰਜ ਸਾਲ ਦੇ ਸਮੇਂ ਦੀਆਂ ਯਾਦਾਂ ਨੂੰ ਕਲਮਬੱਧ ਕੀਤਾ ਗਿਆ ਹੈ, ਉਨਾਂ ਦੱਸਿਆ ਕਿ ਡਾ ਪਾਤਰ ਸੂਖ਼ਮ ਤੇ ਸਮਰੱਥ ਸ਼ਾਇਰ ਦੇ ਨਾਲ ਨਾਲ ਨਵੇਂ ਪ੍ਰਬੰਧਕੀ ਖਿਆਲਾਂ ਦੀ ਸਿਰਜਣਾ ਕਿਵੇਂ ਕਰਦੇ ਸਨ, ਇਸ ਪੁਸਤਕ ਵਿੱਚ ਵਿਸ਼ੇਸ਼ ਉਲੇਖ ਕੀਤਾ ਗਿਆ ਹੈ। ਸਟਾਰ ਗਾਇਕ ਨਿਰਵੈਰ ਪਨੂੰ ਨੇ ਆਖਿਆ ਕਿ ਨਿੰਦਰ ਘੁਗਿਆਣਵੀ ਦੀ ਲਿਖਤ ਪਾਠਕ ਨੂੰ ਆਪਣੇ ਨਾਲ ਨਾਲ ਤੋਰਦੀ ਹੈ। ਕੁਲਜਿੰਦਰ ਸਿੱਧੂ ਨੇ ਨਿੰਦਰ ਘੁਗਿਆਣਵੀ ਨਾਲ ਆਪਣੀ ਦੋਸਤੀ ਦੇ ਤਿੰਨ ਦਹਾਕਿਆਂ ਦੇ ਸਮੇਂ ਉਤੇ ਚਾਨਣਾ ਪਾਇਆ। ਫਿਲਮਕਾਰ ਜਤਿੰਦਰ ਮੋਹਰ ਨੇ ਆਖਿਆ ਕਿ ਕਿਸੇ ਅਦੀਬ ਦੀਆਂ ਯਾਦਾਂ ਨੂੰ ਪੁਸਤਕ ਰੂਪ ਵਿਚ ਸੰਭਾਲਣਾ ਆਪਣੇ ਆਪ ਵਿੱਚ ਖ਼ੂਬਸੂਰਤ ਸਾਹਿਤਕ ਯਤਨ ਹੈ।

ਉਹ ਪ੍ਰੀਮੀਅਮ ਜੀਵਨ ਸ਼ੈਲੀ ਜੋ ਤੁਸੀ ਦੱਖਣ-ਪੱਛਮ ਵਿੱਚ ਚਾਹੁੰਦੇ ਹੋ!
ਬਿਲਟ-ਇਨ ਅਸਧਾਰਨ ਮੁੱਲ
NEW LOTS RELEASED
TOWNHOMES from the mid $500s
LANED DUPLEXES from the high $500s
LANED HOMES from the mid $600s
FRONT GARAGE from the high $600s
ਵਰਮਿਲੀਅਨ ਹਿੱਲ ਵਿਖੇ ਫਾਲ ਨੂੰ ਅਪਣਾਓ, ਇੱਕ ਅਜਿਹਾ ਭਾਈਚਾਰਾ ਜੋ ਕੁਦਰਤ ਨਾਲ ਭਰਪੂਰ ਰਹਿਣ-ਸਹਿਣ ਅਤੇ ਸ਼ਹਿਰੀ ਸਹੂਲਤਾਂ ਦਾ ਸੰਪੂਰਨ ਮਿਸ਼ਰਣ ਪਰ੍ਦਾਨ ਕਰਦਾ ਹੈ। ਫਿਸ਼ ਕਰੀਕ ਪਾਰਕ, ਕਨਾਨਾਸਕਿਸ ਅਤੇ ਸਟੋਨੀ ਟਰ੍ਹੇਲ ਤੱਕ ਨਿਰਵਿਘਨ ਪਹੁੰਚ ਦੇ ਨਾਲ, ਕੁਝ ਮਿੰਟਾਂ ਦੀ ਦੂਰੀ 'ਤੇ ਸਥਾਪਿਤ ਮਾਰਗਾਂ, ਪਾਰਕਾਂ, ਖੇਡ ਦੇ ਮੈਦਾਨਾਂ ਅਤੇ ਜ਼ਰੂਰੀ ਸਹੂਲਤਾਂ ਨਾਲ ਆਪਣੇ ਆਪ ਨੂੰ ਘੇਰ ਲਓ।
ਆਪਣਾ ਘਰ ਇੱਥੇ ਲੱਭੋ liveinvermilionhill.com
Limited Cul-de-Sac & Walkout Lots Released!
Welcome Jayman BUILT to Vermilion Hill.
• NuVista Homes • Genesis Builders • Shane Homes • Homes by Avi • Sterling Homes • Broadview Homes • Jayman BUILT
Vermilion Hill
QUALICO communities WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In: All Type of Residential & Commercial Woodwork Interior Finishing: Kitchen Cabinets: Railing & Decorating
Manpreet Thind Ph: (403) 455-1000 www.perfectfinishing.ca
Perfect Finishing Corp. NewStar Cabinets Ltd. 3341 19 St NE Calgary AB T2E 6S8

• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon Regulated Immigration Consultant of Canada Member ICCRC #R 409807 Member CAPIC Commissioner for Oaths (Alberta) Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship Ajmer Garcha Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP 4205-17 Ave SE Calgary (AB)
Fax: 403 313 9993 Email: deep@neauto.ca
www.neauto.ca Ph. 403-263-1000, 403-250-7038

# ਕੈਲਗਰੀ ਵਿਖੇ ਤਿੰਨ ਨਾਟਕਾਂ 'ਲੱਛੂ ਕਬਾੜੀਆ', 'ਕੋਈ ਮੋੜ ਲਿਆਵੇ ਨੀ' ਅਤੇ 'ਅਸੀਂ ਫੁੱਲਾਂ ਜੇਹੇ' ਅਧਾਰਿਤ ਨਾਟਕ ਮੇਲਾ ਯਾਦਗਾਰੀ ਅਤੇ ਇਤਿਹਾਸਿਕ ਹੋ ਨਿਬੜਿਆ !



















ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਵਲੋਂ ਬੇਸ਼ੱਕ ਪਿਛਲੇ 17 ਸਾਲ ਤੋਂ ਲਾਗਾਤਾਰ ਹਰ ਸਾਲ ਨਾਟਕ ਮੇਲੇ ਕਰਾਏ ਜਾਂਦੇ ਰਹੇ ਹਨ। ਇਸ ਵਾਰ ਦੇ 3 ਨਾਟਕ ਦਰਸ਼ਕਾਂ 'ਤੇ ਆਪਣੀ ਅਮਿੱਟ ਛਾਪ ਛੱਡਣ ਵਿੱਚ ਬਾਖ਼ੂਬੀ ਕਾਮਯਾਬ ਰਹੇ।

'ਲੱਛੂ ਕਬਾੜੀਆ' : ਸਮਾਜ ਵਿੱਚ ਜਾਤੀ-ਭੇਦਭਾਵ, ਜਾਤੀ ਹੰਕਾਰ, ਗਰੀਬੀ ਅਤੇ ਮਨੁੱਖ ਦੇ ਮਾਣ-ਸਨਮਾਨ ਦੀ ਬੜੇ ਕਲਾਤਮਿਕ ਢੰਗ ਨਾਲ਼ ਪੇਸ਼ਕਾਰੀ ਕਰਦਾ ਨਾਟਕ 'ਲੱਛੂ ਕਬਾੜੀਆ' ਨਾ ਸਿਰਫ ਦਰਸ਼ਕਾਂ ਲਈ ਅੰਤਰਝਾਤ ਪਾਉਣ ਲਈ ਅਨੇਕਾਂ ਸਵਾਲ ਛੱਡ ਗਿਆ।ਡਾ। ਸਾਹਿਬ ਸਿੰਘ ਦਾ ਲਿਖਿਆ ਅਤੇ ਆਪ ਹੀ ਖੇਡਿਆ ਸੋਲੋ ਨਾਟਕ 'ਲੱਛੂ ਕਬਾੜੀਆ' ਜਿੱਥੇ ਉਚ ਜਾਤ ਦੇ ਹੰਕਾਰ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਗਰੀਬ, ਨਿਮਾਣੇ, ਨਿਤਾਣੇ ਅਤੇ ਲਿਤਾੜੇ ਨੀਵੀਂ ਜਾਤ ਦੇ ਵਿਅਕਤੀ ਦੀ ਮਾਨਸਿਕ ਵੇਦਨਾ ਅਤੇ ਜੀਵਨ ਸੰਘਰਸ਼ ਦੀ ਗਾਥਾ ਦਾ ਬ੍ਰਿਤਾਂਤ ਪੇਸ਼ ਕਰਦਾ ਹੈ, ਸਾਡੇ ਸਮਾਜ ਲਈ ਸੋਚਣ ਵਾਸਤੇ ਅਨੇਕਾਂ ਸਵਾਲ ਛੱਡ ਜਾਂਦਾ ਹੈ।ਇਹ ਨਾਟਕ ਸਿਰਫ ਸਮਾਜਿਕ ਵਿਤਕਰੇ ਦੀ ਹੀ ਬਾਤ ਨਹੀਂ ਪਾਉਂਦਾ, ਸਗੋਂ ਧਰਮ ਵਿੱਚ ਫੈਲੇ ਜਾਤ ਅਧਾਰਿਤ ਵਿਤਕਰੇ 'ਤੇ ਵੀ ਕਰਾਰੀ ਚੋਟ ਕਰਦਾ ਹੈ। ਡਾ: ਸਾਹਿਬ ਸਿੰਘ ਆਪਣੀ ਇਸ ਇਤਿਹਸਾਕ ਪੇਸ਼ਕਾਰੀ ਲਈ ਵਧਾਈ ਦੇ ਪਾਤਰ ਹਨ। 'ਕੋਈ ਮੋੜ ਲਿਆਵੋ ਨੀ' : ਪਿਛਲੇ ਕੁਝ ਸਾਲਾਂ ਤੋਂ ਸਾਡਾ ਕਨੇਡੀਅਨ ਪੰਜਾਬੀ ਭਾਈਚਾਰਾ ਅਨੇਕਾਂ ਸਮੱਸਿਆਵਾਂ ਨਾਲ਼ ਜੂਝ ਰਿਹਾ ਹੈ।ਜਿਨ੍ਹਾਂ ਵਿੱਚੋਂ ਗੈਂਗਵਾਰ, ਗੈਰ-ਕਨੂੰਨੀ ਨਸ਼ਿਆਂ ਦੀ ਸਮੱਗਲਿੰਗ, ਨੌਜਵਾਨਾਂ ਵਿਚ ਨਸ਼ਿਆਂ ਦੀ ਵੱਧਦੀ ਆਦਤ ਅਤੇ ਬਿਜਨੈਸਮੈਨਾਂ ਤੋਂ ਫਿਰੌਤੀਆਂ ਮੰਗਣ ਆਦਿ ਪ੍ਰਮੁੱਖ ਹਨ। ਅਜਿਹੀਆਂ ਹੀ ਸਮੱਸਿਆਵਾਂ ਨਾਲ਼ ਜੂਝ ਰਹੇ ਨੌਜਵਾਨਾਂ ਅਧਾਰਿਤ ਨਾਟਕ 'ਕੋਈ ਮੋੜ ਲਿਆਵੋ ਨੀ' ਦੀ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ 16 ਕਲਾਕਾਰਾਂ ਵਲੋਂ ਡਾ। ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਬੇਹੱਦ ਖ਼ੂਬਸੂਰਤ, ਪ੍ਰਭਾਵਸ਼ਾਲੀ ਅਤੇ ਸੰਵੇਦਨਸ਼ੀਲ ਪੇਸ਼ਕਾਰੀ ਕੀਤੀ।'ਅਸੀਂ ਫੁੱਲਾਂ ਜੇਹੇ' : ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ 22 ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਟੀਨ ਏਜ਼ ਨੌਜਵਾਨਾਂ ਅਧਾਰਿਤ ਖ਼ੂਬਸੂਰਤ ਪੇਸ਼ਕਾਰੀ 'ਅਸੀਂ ਫੁੱਲਾਂ ਜੇਹੇ' ਸੀ।ਜਿਸ ਵਿੱਚ ਬੱਚਿਆਂ ਨੇ ਪੰਜਾਬ ਤੋਂ ਆਏ ਮਾਪਿਆਂ ਅਤੇ ਕਨੇਡੀਅਨ ਜੰਮਪਲ ਬੱਚਿਆਂ ਦੇ ਮਸਲਿਆਂ, ਜਨਰੇਸ਼ਨ ਗੈਪ ਅਤੇ ਸੋਚ ਦੇ ਫਰਕ ਨੂੰ ਬਹੁਤ ਸੂਖਸ਼ਮ ਢੰਗ ਨਾਲ਼ ਪੇਸ਼ ਕੀਤਾ। ਮਾਸਿਕ ਨਿਊਜ਼ ਮੈਗਜੀਨ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਦੇ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇਣ 'ਤੇ ਉਨ੍ਹਾਂ ਨੂੰ ਇੱਕ ਮਿੰਟ ਦੀ ਸ਼ਰਧਾਜਲੀ ਦੇਣ ਨਾਲ਼ ਹੋਈ।ਮਾਸਟਰ ਭਜਨ ਸਿੰਘ ਵੱਲੋਂ ਹਰਬੰਸ ਸਿੰਘ ਦੀਆਂ ਸਮਾਜ ਪ੍ਰਤੀ ਲੋਕਪੱਖੀ ਸੇਵਾਵਾਂ ਦੀ ਸ਼ਲਾਘਾ ਕੀਤੀ। ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਲੰਬਾ ਸਮਾਂ ਪ੍ਰਧਾਨ ਰਹੇ ਕਾਮਰੇਡ ਜੀਤ ਇੰਦਰ ਪਾਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ,।ਉਨ੍ਹਾਂ ਦੇ ਜੀਵਨ ਅਧਾਰਿਤ ਸਰਗਰਮੀਆਂ ਦਾ ਸਲਾਈਡ ਸ਼ੋਅ ਦਰਸ਼ਕਾਂ ਨਾਲ਼ ਸਾਂਝਾ ਕੀਤਾ ਗਿਆ । ਇਸ ਮੌਕੇ 'ਤੇ ਕਲਾਕਾਰ ਬਲਜਿੰਦਰ (ਬੌਬੀ) ਢਿੱਲੋਂ ਤੇ ਉਨ੍ਹਾਂ ਦੀ ਪਤਨੀ ਅਤੇ ਕਲਾਕਾਰ ਹਰਪ੍ਰੀਤ ਕੌਰ ਤੇ ਉਨ੍ਹਾਂ ਦੇ ਪਤੀ ਦਾ ਸਮਾਜ ਅਤੇ ਨਾਟਕ ਕਲਾ ਪ੍ਰਤੀ ਸਮਰਪਨ ਭਾਵਨਾ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵੱਲੋਂ ਡਾ: ਸਾਹਿਬ ਵੱਲੋਂ ਪਿਛਲੇ ਸਾਲਾਂ ਵਿੱਚ ਖੇਡੇ ਗਏ 3 ਨਾਟਕਾਂ ਅਧਾਰਿਤ ਪੁਸਤਕ 'ਬੇਸਮੈਂਟ 'ਚ ਤਰੇੜ ਹੈ' ਰਿਲੀਜ਼ ਕੀਤੀ ਗਈ।

ਇਸ ਮੌਕੇ 'ਤੇ ਹਾਜ਼ਰ ਦਰਸ਼ਕਾਂ ਵਲੋਂ ਪ੍ਰਬੰਧਕਾਂ ਨਾਲ਼ ਮਾਇਕ ਸਹਿਯੋਗ ਕਰਨ ਲਈ ਟਿਕਟਾਂ ਖਰੀਦਣ ਤੋਂ ਇਲਾਵਾ ਦਿਲ ਖੋਲ੍ਹ ਕਿ ਮਾਇਕ ਸਹਾਇਤ ਕੀਤੀ ਗਈ।ਜਿਸ ਲਈ ਪ੍ਰਬੰਧਕਾਂ ਵਲੋਂ ਸਭ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ।


CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ

Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ

ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।

• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141

# ਟਰੀਟੀ ਸੈਵਨ ਅਮਨ ਤੇ ਜ਼ਮੀਨੀਂ ਸਾਂਝ ਦੀ ਸੰਧੀ - ਗਰਾਂਟ ਮੈਨੀ ਹੈੱਡਜ਼



ਜਗਦੇਵ ਸਿੱਧੂ
1 825 712 1135

22 ਸਤੰਬਰ ਨੂੰ ਸੱਤਵੀਂ ਸੰਧੀ - ਟਰੀਟੀ ਸੈਵਨ- ਦੇ 149 ਵਰ੍ਹੇ ਪੂਰੇ ਹੋਣ ’ਤੇ ਯੂਨੀਵਰਸਿਟੀ ਆਫ ਕੈਲਗਰੀ ਨੇ ਦੋ ਵੈਬੀਨਾਰ ਕਰਵਾਏ। ਪਹਿਲਾ 22 ਸਤੰਬਰ ਨੂੰ ਸੀ ਜਿਸ ਦੌਰਾਨ ਬਲੈਕਫੁੱਟ ਦੇ ਸਕਾਲਰ ਤੇ ਰਿਵਾਇਤੀ ਗਿਆਨਵੇਤਾ ਗਰਾਂਟ ਮੈਨੀਹੈੱਡਜ਼ ਨੇ ਇਸ ਸੰਧੀ ਦੇ ਇਤਿਹਾਸ ਅਤੇ ਪਿਛੋਕੜ ਬਾਰੇ ਬੜੀ ਅਹਿਮ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ 1870ਵਿਆਂ ਵਿੱਚ ਅਮਰੀਕਨ ਵਪਾਰੀਆਂ ਨੇ ਦੱਖਣੀ ਅਲਬਰਟਾ ਦੇ ਬਲੈਕਫੁਟ ਕਬੀਲਿਆਂ ਵਿੱਚ ਘਟੀਆ ਸ਼ਰਾਬ ਵੇਚ ਕੇ ਉਨ੍ਹਾਂ ਲੋਕਾਂ ਦੇ ਘਰੇਲੂ, ਸਮਾਜਿਕ, ਆਰਥਿਕ ਅਤੇ ਰਵਾਇਤੀ ਜੀਵਨ-ਢੰਗ ਦੇ ਤਾਣੇ-ਬਾਣੇ ਨੂੰ ਤਹਿਸ-ਨਹਿਸ ਕਰ ਦਿੱਤਾ। ਘਰੇਲੂ ਹਿੰਸਾ, ਔਰਤਾਂ ਤੇ ਬੱਚਿਆਂ ਦੀ ਕੁੱਟਮਾਰ ਕਰਨ ਅਤੇ ਮਾਰਨ ਦੀ ਨੌਬਤ ਆ ਗਈ ਸੀ। ਉਸ ਸਮੇਂ ਪਈ ਚੇਚਕ ਦੀ ਮਹਾਂਮਾਰੀ ਨੇ ਇਨ੍ਹਾਂ ਦੀ ਇੱਕ ਤਿਹਾਈ ਆਬਾਦੀ ਖ਼ਤਮ ਕਰ ਦਿੱਤੀ ਸੀ। ਇਨ੍ਹਾਂ ਦੇ ਜੀਵਨ ਦਾ ਆਧਾਰ, ਜੰਗਲੀ ਮੱਝਾਂ ਦੀ ਗਿਣਤੀ ਬਹੁਤ ਘੱਟ ਗਈ ਸੀ। ਸਿਨੀਬੋਇਨ, ਕਰੀਅ, ਸਟੋਨੀ ਨਕੋਡਾ ਵਰਗੇ ਕਬੀਲਿਆਂ ਦੇ ਲੋਕ ਮੱਝਾਂ ਦਾ ਸ਼ਿਕਾਰ ਕਰਨ ਇਸ ਇਲਾਕੇ ਵਿੱਚ ਆਉਂਦੇ ਜਿਨ੍ਹਾਂ ਨਾਲ਼ ਬਲੈਕਫੁਟ ਲੋਕਾਂ ਦੀਆਂ ਲੜਾਈਆਂ ਹੁੰਦੀਆਂ। ਇਨ੍ਹਾ ਦੀ ਆਪਸੀ ਦੁਸ਼ਮਣੀ ਚਲੀ ਆਉਂਦੀ ਸੀ। ਜਦੋਂ 1875ਵਿੱਚਨਾਰਥ ਵੈਸਟ ਮਾਊਂਟਿਡ ਪੁਲੀਸ (N W M P) ਇੱਥੇ ਆਈ, ਉਸ ਨੇ ਸ਼ਰਾਬ ਦੇ ਵਪਾਰੀਆਂ ਨੂੰ ਭਜਾ ਦਿੱਤਾ, ਘਟੀਆ ਸ਼ਰਾਬ ਦੇ ਡਰੱਮ ਡੋਲ੍ਹ ਦਿੱਤੇ ਤਾਂ ਬਲੈਕਫੁਟ ਦੇ ਕਰੋਅਫੁਟ ਅਤੇ ਰੈੱਡ ਕਰੋਅ ਵਰਗੇ ਚੀਫ਼ਾਂ ਨੇ ਪੁਲੀਸ ਨਾਲ਼ ਦੋਸਤਾਨਾ ਰਵੱਈਆ ਅਪਣਾ ਲਿਆ। ਹੁਣ ਉਨ੍ਹਾਂ ਦੀ ਮੰਗ ਦੁਸ਼ਮਣ ਕਬੀਲਿਆਂ ਨੂੰ ਇਸ ਇਲਾਕੇ ’ਚੋਂ ਬਾਹਰ ਰੱਖਣ ਦੀ ਸੀ ਅਤੇ ਸਾਰਿਆਂ ਨਾਲ਼ ਅਮਨ, ਸ਼ਾਂਤੀ ਤੇ ਪ੍ਰੇਮ ਨਾਲ਼ ਮਿਲ ਕੇ ਰਹਿਣ ਦੀ ਇੱਛਾ ਸੀ। ਉਧਰੋਂ ਕੈਨੇਡਾ ਸਰਕਾਰ ਨੂੰ ਰੇਲਵੇ ਟਰੈਕ ਵਿਛਾਉਣ ਅਤੇ ਆਬਾਦਕਾਰਾਂ ਨੂੰ ਵਸਾਉਣ ਲਈ ਜ਼ਮੀਨ ਅਤੇ ਕਬੀਲਿਆਂ ਦੀ ਸਹਿਮਤੀ ਦੀ ਲੋੜ ਸੀ। ਇਹ ਸੀ ਪਿਛੋਕੜ ਜਿਸ ਕਾਰਨ 22 ਸਤੰਬਰ, 1877 ਨੂੰ ਸੱਤਵੀਂ ਸੰਧੀ, ਟਰੀਟੀ ਸੈਵਨ, ਬਲੈਕਫੁਟ ਕਰਾਸਿੰਗ ਉਪਰ ਨੇਪਰੇ ਚੜ੍ਹੀ। ਦਸਤਖਤ ਕਰਨ ਵਾਲ਼ੇ ਕਬੀਲਾ-ਮੁਖੀਆਂ ਨੇ ਇਸ ਨੂੰ ਆਬਾਦਕਾਰਾਂ ਨਾਲ਼ ਜ਼ਮੀਨ ਵਰਤਣ ਵਾਸਤੇ ਸਾਂਝੀ ਕਰਨ ਅਤੇ ਉਨ੍ਹਾਂ ਨਾਲ਼ ਅਮਨ ਦੀ ਸੰਧੀ ਵਜੋਂ ਲਿਆ ਸੀ, ਨਾ ਕਿ ਆਪਣੀ ਭੂਮੀ ਵੇਚਣ, ਇਸ ਉਪਰ ਆਪਣੇ ਅਧਿਕਾਰ ਛੱਡਣ ਜਾਂ ਤਿਆਗਣ ਵਜੋਂ।ਦੂਜਾ ਵੈਬੀਨਾਰ 24 ਸਤੰਬਰ ਨੂੰ ਹੋਇਆ ਜਿਸ ਦੌਰਾਨ ਸੂਤੀਨਾ ਨੇਸ਼ਨ ਦੀ ਐਲਡਰ ਰਿਜੈਨਾ ਕਰੋਅ-ਚਾਈਲਡ ਨੇ ਟਰੀਟੀ ਦੇ ਇਤਿਹਾਸ ਅਤੇ ਇਸ ਦੁਆਰਾ ਮਿਲੇ ਅਧਿਕਾਰਾਂ ਬਾਰੇ ਵਿਸਥਾਰ ਵਿੱਚ ਦੱਸਿਆ। ਦੋਵਾਂ ਵੈਬੀਨਾਰਾਂ ਦਾ ਮਾਡਰੇਟਰ ਸਭਿਆਚਾਰ ਪ੍ਰੋਟੋਕੋਲ ਦਾ ਮਾਹਿਰ ਜੋਨਾਥਨ ਬਰੇਵਰ ਸੀ ਜਿਸ ਨੇ ਵਿਧੀ ਪੂਰਵਕ ਪ੍ਰਾਰਥਨਾ ਕਰ ਕੇ ਅਤੇ ਪੇਸ਼ਕਾਰਾਂ ਦਾ ਤੁਆਰਫ਼ ਕਰਵਾ ਕੇ ਪ੍ਰੋਗਰਾਮ ਪੇਸ਼ ਕੀਤਾ। ਅਖੀਰ ਵਿੱਚ ਸਵਾਲਾਂ ਦੇ ਜਵਾਬ ਦਿੱਤੇ ਗਏ। ਇਹ ਵੈਬੀਨਾਰ ਟਰੀਟੀ ਸੈਵਨ ਨੂੰ ਸਮਝਣ ਹਿਤ ਬੜੇ ਲਾਹੇਵੰਦ ਸਾਬਤ ਹੋਏ।




# ਸਿਰਮੌਰ ਪੱਤਰਕਾਰ ਜਤਿੰਦਰ ਪੰਨੂੰ ਦੀ ਖੋਜ ਆਧਾਰਿਤ ਪੁਸਤਕ ਪੰਜਾਬ ਦੇ ਲੋਕਤੰਤਰੀ ਇਤਿਹਾਸ ਦਾ ਸੰਖੇਪ ਸਾਰ ਡਾ: ਸ ਸ ਜੌਹਲ ਤੇ ਹੋਰਨਾਂ ਵੱਲੋਂ ਲੋਕ ਅਰਪਣ ਕੀਤੀ ਗਈ




ਲੁਧਿਆਣਾ (ਪੰਜਾਬੀ ਅਖ਼ਬਾਰ ਬਿਊਰੋ)ਪ੍ਰਗਤੀਸ਼ੀਲ ਲੇਖਕ ਸੰਘ ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਸ੍ਰੀ ਜਤਿੰਦਰ ਪੰਨੂੰ ਦੀ ਵੱਡ ਆਕਾਰੀ ਖੋਜ ਪੁਸਤਕ ਕਿਤਾਬ ‘ਪੰਜਾਬ ਦੇ ਲੋਕਤੰਤਰੀ ਇਤਿਹਾਸ ਦਾ ਸੰਖੇਪ ਸਾਰ’ ਡਾ: ਸ ਸ ਜੌਹਲ ਤੇ ਹੋਰ ਸਿਰਕੱਢ ਹਸਤੀਆਂ ਵੱਲੋਂ ਵੱਲੋਂ ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਅਰਥ ਸ਼ਾਸਤਰੀ ਪਦਮ ਭੂਸ਼ਨ ਡਾ: ਸ:ਸ: ਜੌਹਲ ਨੇ ਕੀਤੀ।

ਪ੍ਰਗਤੀਸ਼ੀਲ ਲੇਖਕ ਸੰਘ ਲੁਧਿਆਣਾ ਦੇ ਪ੍ਰਧਾਨ ਡਾ: ਗੁਲਜ਼ਾਰ ਸਿੰਘ ਪੰਧੇਰ ਨੇ ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਸਮਾਗਮ ਬਾਰੇ ਸੰਖੇਪ ਜਾਣਕਾਰੀ ਦਿੱਤੀ । ਉਨ੍ਹਾਂ ਕਿਹਾ ਕਿਤਾਬ ਲੋਕ ਅਰਪਣ ਕਰਨ ਤੋਂ ਪਹਿਲਾਂ ਕਿਤਾਬ ਪੜ੍ਹੀ ਹੋਈ ਜਾਂ ਲੇਖਕ ਪੜ੍ਹਿਆ ਹੋਇਆ ਹੋਣਾ ਚਾਹੀਦਾ ਹੈ। ਅਸੀਂ ਲੇਖਕ ਨੂੰ ਚੰਗੀ ਤਰ੍ਹਾਂ ਜਾਣਦੇ ਵੀ ਹਾਂ ਤੇ ਪੜ੍ਹਿਆ ਹੋਇਆ ਵੀ ਹੈ। ਸੰਘ ਦੇ ਜਨਰਲ ਸਕੱਤਰ ਜਸਵੀਰ ਝੱਜ ਨੇ ਕਿਹਾ ਜਤਿੰਦਰ ਪੰਨੂੰ ਉੱਘੇ ਪੱਤਰਕਾਰ ਹੀ ਨਹੀਂ ਖੋਜੀ ਲੇਖਕ ਵੀ ਹਨ। ਕਿਤਾਬ ਦੀ ਜਾਣ ਪਛਾਣ ਕਰਵਾਉਂਦਿਆਂ ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਜਤਿੰਦਰ ਪੰਨੂੰ ਅਤੇ ਕਿਤਾਬ ਬਾਰੇ ਕਿਹਾ ਇਹ ਵੱਡ ਆਕਾਰੀ ਕਿਤਾਬ ਹੀ ਨਹੀਂ ਸਗੋਂ ਇਕ ਵਡਮੁੱਲਾ ਹਵਾਲਾ-ਦਸਤਾਵੇਜ਼ ਹੈ ਜਿਸ ਵਿਚ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟ ਚੁੱਕੇ ਜਾਂ ਆਪਣਾ ਯੋਗਦਾਨ ਪਾਉਣ ਵਾਲੀਆਂ ਲੋਕਤੰਤਰੀ ਨਿਜ਼ਾਮ ਦੀਆਂ ਉੱਚ ਸ਼ਖ਼ਸੀਅਤਾਂ ਦਾ ਇਤਿਹਾਸ ਦਰਜ ਹੈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਆਧਾਰ ਭੂਮੀ ਹੈ। ਇਸ ਤੋਂ ਅੱਗੇ ਤੁਰਨਾ ਯੂਨੀਵਰਸਿਟੀਆਂ ਦੇ ਸਮਾਜ ਸ਼ਾਸਤਰੀਆਂ, ਯੋਜਨਾਕਾਰਾਂ ਤੇ ਰਾਜਨੀਤੀ ਸ਼ਾਸਤਰੀਆਂ ਕੰਮ ਹੈ। ਪ੍ਰਧਾਨਗੀ ਭਾਸ਼ਨ ਦਿੰਦਿਆਂ ਡਾ: ਸ। ਸ। ਜੌਹਲ ਹੋਰਾਂ ਨੇ ਕਿਹਾ ਕਿ ਜਤਿੰਦਰ ਪੰਨੂੰ ਨੇ ਅਜੇ ਤਾਂ ਇਸ ਕਿਤਾਬ ਵਿਚ ਸੰਖੇਪ ਸਾਰ ਹੀ ਲਿਖਿਆ ਹੈ। ਜੇ ਘਟਨਾਵਾਂ ਤੇ ਵਿਅਕਤੀਆਂ ਨੂੰ ਵਿਸਥਾਰ ਦਿੱਤਾ ਹੁੰਦਾ ਤਾਂ ਇਸ ਕਿਤਾਬ ਦਾ ਆਕਾਰ ਬਹੁਤ ਵੱਡਾ ਹੋਣਾ ਸੀ। ਇਸ ਕਿਤਾਬ ਵਿਚੋਂ ਆਮ ਲੋਕਾਂ ਅਤੇ ਸਰਕਾਰੀ ਅਫ਼ਸਰਾਂ ਨੂੰ ਭਰਪੂਰ ਜਾਣਕਾਰੀ ਮਿਲੇਗੀ।ਕਿਤਾਬ ਦੇ ਲੇਖਕ ਜਤਿੰਦਰ ਪੰਨੂੰ ਨੇ ਕਿਹਾ ਕਿ ਮੈਂ ਕਦੇ ਸੋਚਿਆ ਨਹੀਂ ਸੀ ਕਿ ਮੈਂ ਪੱਤਰਕਾਰ ਬਣਾਂਗਾ। ਇਸ ਕਿਤਾਬ ਨੂੰ ਲਿਖਣ ਦਾ ਕਾਰਨ ਵੀ ਇਹ ਹੈ ਕਿ ਅਸੀਂ ਪੰਜਾਬੀ ਆਪਣਾ ਲੋਕਤੰਤਰੀ ਪਿਛੋਕੜ ਭੁੱਲਦੇ ਜਾਂਦੇ ਹਾਂ। ਪਹਿਲਾਂ ਐਮ ਐਲ ਏ , ਐਮ ਪੀ ਕੌਣ ਸੀ। ਅਗਲਾ ਆਉਣ ਤੋਂ ਪਹਿਲਾ ਕੌਣ ਸੀ ਪਿਛਲਾ ਭੁੱਲ ਜਾਂਦੇ ਹਾਂ। ਇਥੋਂ ਤੱਕ ਕਿ ਸਰਕਾਰੀ ਰਿਕਾਰਡਾਂ ਵਿਚ ਵੀ ਬੇਅੰਤ ਊਣਤਾਈਆਂ ਤੇ ਗਲਤ ਇੰਦਰਾਜ ਮਿਲਦੇ ਹਨ। ਪਹਿਲੀ ਕੀਤੀ ਇੰਦਰਾਜ ਗਲਤੀ ਨੂੰ ਲਗਾਤਾਰ ਮੁੜ ਮੁੜ ਦੁਹਰਾਇਆ ਜਾ ਰਿਹਾ ਹੈ। ਹੋਰ ਤਾਂ ਹੋਰ ਇਥੋਂ ਤੱਕ ਕਿ ਸਾਬਕਾ ਮੁੱਖ ਮੰਤਰੀ ਸ। ਪ੍ਰਤਾਪ ਸਿੰਘ ਕੈਰੋਂ ਦੀ ਮੌਤ ਤੋਂ ਬਾਅਦ ਜਿਮਨੀ ਚੋਣ ਜਿੱਤੀ ਉਸ ਦੀ ਪਤਨੀ ਸਰਦਾਰਨੀ ਰਾਮ ਕੌਰ ਦਾ ਨਾਮ ਕਿਤੇ ਵੀ ਦਰਜ ਨਹੀਂ। ਅੰਤ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਸੀਨੀਅਰ ਮੀਤ ਪ੍ਰਧਾਨ ਸਰਦਾਰਨੀ ਇੰਦਰਜੀਤ ਪਾਲ ਕੌਰ ਭਿੰਡਰ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਜਨਾਬ ਪਰਾਈਮ ਏਸ਼ੀਆ ਟੀ ਵੀ ਚੈਨਲ ਕੈਨੇਡਾ ਦੇ ਸੀ ਈ - ਅਮਨ ਖਟਕੜ, ਖ਼ਾਲਿਦ ਹੁਸੈਨ, ਨਾਵਲਕਾਰ ਬਲਬੀਰ ਪਰਵਾਨਾ, ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ: ਰਵਿੰਦਰ ਸਿੰਘ ਭੱਠਲ, ਡਾ: ਨਿਰਮਲ ਜੌੜਾ, ਡਾ: ਜਗਵਿੰਦਰ ਜੋਧਾ, ਗੁਰਪ੍ਰੀਤ ਸਿੰਘ ਤੂਰ, ਡਾ: ਸਾਧੂ ਸਿੰਘ, ਪ੍ਰਿੰਸੀਪਲ ਕ੍ਰਿਸ਼ਨ ਸਿੰਘ, ਡਾ: ਗੁਰਇਕਬਾਲ ਸਿੰਘ, ਤੇਜ ਪ੍ਰਤਾਪ ਸਿੰਘ ਸੰਧੂ, ਬ੍ਰਿਜ ਭੂਸ਼ਨ ਗੋਇਲ,ਰਾਜਦੀਪ ਸਿੰਘ ਤੂਰ, ਬਰਜਿੰਦਰ ਕੌਰ ਬਿਸਰਾ-, ਸੁਰਿੰਦਰ ਦੀਪ, ਹਰਵਿੰਦਰ ਥਰੀਕੇ, ਮਲਕੀਅਤ ਸਿੰਘ ਔਲਖ,ਤਰਲੋਚਨ ਝਾਂਡੇ, ਭਗਵਾਨ ਢਿੱਲੋਂ, ਦਲਵੀਰ ਲੁਧਿਆਣਵੀ, ਹਰੀਸ਼ ਮੋਦਗਿੱਲ, ਵਿਜੇ, ਅਸ਼ਵਨੀ ਜੇਤਲੀ ਪ੍ਰੇਮ,ਡਾ: ਤਰਲੋਚਨ ਸਿੰਘ, ਜਨਮੇਜਾ ਸਿੰਘ ਜੌਹਲ, ਡਾ: ਦੁਲਚਾ ਸਿੰਘ ਬਰਾੜ ਸਮੇਤ ਕਾਫ਼ੀ ਵੱਡੀ ਗਿਣਤੀ ਵਿਚ ਲੇਖਕ ਹਾਜ਼ਰ ਸਨ।





ਇੱਕ ਆਖਰੀ ਮੌਕਾ,
ਅਣਗਿਣਤ ਨਵੀਆਂ ਸ਼ੁਰੂਆਤਾਂ
ਆਖਿਰੀ ਫੇਸ ਹੁਣ ਵੇਚ ਰਹੇ ਹਾਂ
Homes Starting from the High $500s
ਝੀਲ-ਕੰਢੇ ਵਸੇ ਸ਼ਹਿਰ ਚੈਸਟਰਮੀਅਰ ਵਿੱਚ ਸਥਿਤ 'ਡਾਸਨਜ਼ ਲੈਂਡਿੰਗ' ਇੱਕ ਸਥਾਪਿਤ ਭਾਈਚਾਰਾ ਹੈ, ਜਿੱਥੇ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਤੱਕ ਆਸਾਨ ਪਹੁੰਚ ਮਿਲਦੀ ਹੈ। ਇੱਥੋਂ ਦੇ 5 ਪਾਰਕਾਂ ਵਿੱਚੋਂ ਕਿਸੇ ਇੱਕ ਵਿੱਚ ਦੋਸਤਾਂ ਨਾਲ ਸਮਾਂ ਬਿਤਾਓ, ਖੇਡ-ਮੈਦਾਨ ਵਿੱਚ ਦੁਪਹਿਰ ਦਾ ਆਨੰਦ ਲਓ, ਬਾਸਕਟਬਾਲ ਕੋਰਟ 'ਤੇ ਖੇਡੋ, ਜਾਂ ਸੁੰਦਰ ਪੈਦਲ-ਮਾਰਗਾਂ 'ਤੇ ਸੈਰ ਕਰੋ। ਹੁਣ ਡੌਗ ਪਾਰਕ ਅਤੇ ਈਕੋ ਪਾਰਕ ਦੇ ਖੁੱਲ੍ਹਣ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਇੱਕ ਵਧੀਆ ਸੁਮੇਲ ਪੇਸ਼ ਕਰਦਾ ਹੈ।
DAWSON'S LANDING
CHESTERMERE
Visit Us Today!
liveindawsonslanding.ca
• Broadview Homes • Sterling Homes • Trico Homes
• NuVista Homes • Truman • Genesis Builders
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




ਉਹ ਜ਼ਿੰਦਗੀ ਜੀਓ, ਜਿਸਦੀ
ਤੁਸੀ ਹਮੇਸ਼ਾ ਕਲਪਨਾ ਕੀਤੀ ਹੈ
ਨਵੀਆਂ ਲਾਟਾਂ
ਆ ਗਈਆਂ ਹਨ
ਚੈਸਟਰਮੀਅਰ ਦੇ ਪੱਛਮੀ ਸਿਰੇ 'ਤੇ ਸਥਿਤ,ਬਿਰ੍ਜਪੋਰਟ ਸ਼ਾਂਤ ਝੀਲ ਦੇ ਰਹਿਣ-ਸਹਿਣ ਅਤੇ ਸ਼ਹਿਰੀ ਸਹੂਲਤ ਦਾ ਸੰਤੁਲਨ ਪੇਸ਼ ਕਰਦਾ ਹੈ। ਭਾਈਚਾਰੇ ਦੇ ਦੂਜੇਪੜਾਅ ਵਿੱਚ ਦੁਰਲੱਭ ਕੁਲ-ਡੀ-ਸੈਕ, ਵਾਕਆਊਟ, ਅਤੇ ਪਾਈ-ਆਕਾਰ ਵਾਲੇ ਲਾਟ ਸ਼ਾਮਲ ਹਨ, ਜਿਨਹ੍ਹਾਂ ਵਿੱਚੋਂ ਕੁਝ ਹਰੇ-ਭਰੇ ਸਥਾਨਾਂ ਅਤੇ ਭਵਿੱਖ ਦੇ ਸਕੂਲ ਸਾਈਟ 'ਤੇ ਵਾਪਸ ਆਉਂਦੇ ਹਨ
bridgeport
CHESTERMERE
ਅੱਜ ਹੀ ਆਪਣਾ ਲਾਟ ਲੱਭੋ!
liveinbridgeport.com
• Shane Homes • Truman Homes
• Broadview Homes • Trico Homes
• NuVista Homes • Sterling Homes
• Excel Homes New
LANED DUPLEXES from the Low $500s
LANED HOMES from the Mid $500s
FRONT GARAGE from the High $600s
TOWNHOMES New COMING SOON
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




AIRDRIE
ਸ਼ੋਅ ਹੋਮ
ਹੁਣ ਖੁੱਲੇ ਹਨ
ਅੱਜ ਹੀ ਆ ਕੇ ਦੇਖੋ
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
Vantage Rise ਵਿੱਚ
ਬਿਹਤਰ ਜੀਵਨ-ਸ਼ੈਲੀ ਵੱਲ ਕਦਮ ਵਧਾਓ
Vantage Rise, ਏਅਰਡਰੀ (Airdrie) ਦਾ ਸਭ ਤੋਂ ਨਵਾਂ ਰਿਹਾਇਸ਼ੀ ਖੇਤਰ ਹੈ, ਜਿਸ ਨੂੰ ਸ਼ਹਿਰੀ ਸਹੂਲਤਾਂ ਅਤੇ ਬਾਹਰੀ ਵਾਤਾਵਰਣ ਦੇ ਸੁਮੇਲ ਨਾਲ ਤਿਆਰ ਕੀਤਾ ਗਿਆ ਹੈ। ਸੋਚ-ਸਮਝ ਕੇ ਯੋਜਨਾਬੱਧ ਕੀਤੇ ਗਏ ਇਸ ਇਲਾਕੇ ਵਿੱਚ ਇੱਕ ਸ਼ਾਨਦਾਰ ਵਪਾਰਕ ਕੇਂਦਰ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਸ਼ਾਮਲ ਹੋਣਗੀਆਂ। ਭਾਈਚਾਰਕ ਸਾਂਝ ਅਤੇ ਬਾਹਰੀ ਜੀਵਨ-ਸ਼ੈਲੀ 'ਤੇ ਵਿਸ਼ੇਸ਼ ਧਿਆਨ ਦੇਣ ਕਾਰਨ, Vantage Rise ਏਅਰਡਰੀ ਦੇ ਦੱਖਣ-ਪੱਛਮੀ ਹਿੱਸੇ ਵਿੱਚ ਇੱਕ ਜੀਵੰਤ ਅਤੇ ਸੁਆਗਤ ਕਰਨ ਵਾਲੇ ਨਵੇਂ ਖੇਤਰ ਵਜੋਂ ਉੱਭਰੇਗਾ।
VANTAGE RISE
Townhomes from the high $400s
Laned Homes from the mid $500s
Front Garage from the low $700s
liveinvantagerise.com
Reach out to a builder to put your lot on hold!
• Broadview Homes • McKee Homes • NuVista Homes
• Shane Homes • Sterling Homes • Trico Homes
• StreetSide Developments
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com